PUNJABI UNIVERSITY PATIALA

**ਐਮ.ਏ.(ਐਜੂਕੇਸ਼ਨ) ਭਾਗ ਪਹਿਲਾ (ਸਮੈਸਟਰ ਪਹਿਲਾ) ਪੇਪਰ ਚੌਥਾ**

**ਅਧਿਆਪਨ ਦੀ ਪੈਡਾਗੋਜ਼ੀ**

**Department of Distance Education**
**Punjabi University, Patiala**
**(All Copyrights are Reserved)**

*ਭਾਗ-ਅ*

2.1 ਪਾਠ ਪੁਸਤਕ : ਅਰਥ, ਮਹੱਤਵ ਅਤੇ ਕਿਸਮਾਂ

2.2 ਅਧਿਆਪਕ : ਗੁਣ ਅਤੇ ਰੋਲ

2.3 ਪ੍ਰਯੋਗਸ਼ਾਲਾ

2.4 ਸ੍ਰਵਨ-ਦ੍ਰਿਸ਼ਟੀ ਸਹਾਇਕ ਸਾਧਨ

2.5 ਪਾਠ ਯੋਜਨਾ

2.6 ਮੁਲਾਂਕਣ

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

*ਪਾਠ ਨੰ: 2.1*

# ਪਾਠ ਪੁਸਤਕਾਂ : ਅਰਥ, ਮਹੱਤਵ, ਕਿਸਮਾਂ ਅਤੇ ਵਿਸ਼ੇਸ਼ਤਾਵਾਂ

2.1.0 ਬਣਤਰ

2.1.1 ਉਦੇਸ਼

2.1.2 ਜਾਣ-ਪਛਾਣ

2.1.3 ਪਾਠ ਪੁਸਤਕ ਦਾ ਅਰਥ

2.1.4 ਪਾਠ ਪੁਸਤਕ ਦਾ ਮਹੱਤਵ

2.1.5 ਪਾਠ ਪੁਸਤਕਾਂ ਦੀਆਂ ਕਿਸਮਾਂ

2.1.6 ਚੰਗੀ ਪਾਠ ਪੁਸਤਕ ਦੀਆਂ ਵਿਸ਼ੇਸ਼ਤਾਵਾਂ

2.1.7 ਸਾਰ

2.1.8 ਅਭਿਆਸੀ ਪ੍ਰਸ਼ਨ

2.1.9 ਅਭਿਆਸੀ ਪੁਸਤਕਾਂ

## 2.1.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ :

(1) ਪਾਠ ਪੁਸਤਕਾਂ ਦਾ ਸਿੱਖਿਆ ਵਿੱਚ ਕੀ ਮਹੱਤਵ ਹੈ।

(2) ਚੰਗੀ ਪਾਠ ਪੁਸਤਕ ਵਿੱਚ ਕੀ ਗੁਣ ਹੋਣੇ ਚਾਹੀਦੇ ਹਨ?

## 2.1.2 ਜਾਣ-ਪਛਾਣ :

ਪੁਰਾਤਨ ਸਮੇਂ ਵਿਚ ਸਿੱਖਿਆ ਦੇ ਉਦੇਸ਼ ਅੱਜ ਦੇ ਸਮੇਂ ਨਾਲੋਂ ਬਿਲਕੁਲ ਵੱਖਰੇ ਸਨ। ਕੁਝ ਗਿਣਤੀ ਦੇ ਇਸਤਰੀਆਂ ਪੁਰਸ਼ ਹੀ ਸਿੱਖਿਆ ਲੈ ਸਕਦੇ ਸਨ ਅਤੇ ਉਨ੍ਹਾਂ ਦਾ ਪੱਧਰ ਵੀ ਲਿਖਣ ਪੜ੍ਹਨ ਤੱਕ ਹੀ ਸੀਮਿਤ ਹੁੰਦਾ ਸੀ। ਮੰਦਰ, ਮਸੀਤਾਂ ਤੇ ਗੁਰਦੁਆਰੇ ਸਿੱਖਿਆ ਦੇ ਕੇਂਦਰ ਹੁੰਦੇ ਸਨ ਤੇ ਸਿੱਖਿਆ ਦਾ ਘੇਰਾ ਧਾਰਮਿਕ ਪੁਸਤਕਾਂ ਪੜ੍ਹਨ ਤੱਕ ਹੀ ਸੀਮਤ ਹੁੰਦਾ ਸੀ। ਵੇਦਾਂ ਦੇ ਸਲੋਕ, ਕੁਰਾਨ ਸ਼ਰੀਫ ਦੀਆਂ ਆਇਤਾਂ, ਪੰਜ ਗ੍ਰੰਥੀ ਦਾ ਪਾਠ ਹੀ ਉਨ੍ਹਾਂ ਦਾ ਟੀਚਾ ਹੁੰਦਾ ਸੀ ਅਤੇ ਇਹੋ ਪਾਠ ਪੁਸਤਕਾਂ ਸਨ।

ਅੰਗ੍ਰੇਜ਼ਾਂ ਦੇ ਸਮੇਂ ਹਾਲਾਤ ਨੇ ਪਲਟਾ ਖਾਧਾ। ਹਾਕਮ ਕੌਮ ਨੇ ਆਪਣੀਆਂ ਪ੍ਰਬੰਧਕ ਲੋੜਾਂ ਨੂੰ ਮੁੱਖ ਰੱਖ ਕੇ ਸਿੱਖਿਆ ਦੇ ਨਵੇਂ ਪੂਰਨੇ ਪਾਏ। ਅੰਗ੍ਰੇਜ਼ੀ ਬੋਲੀ ਦਾ ਬੋਲਬਾਲਾ ਹੋ ਗਿਆ। ਪੰਜਾਬ ਦੀਆਂ ਪਾਠ-ਪੁਸਤਕਾਂ ਵਿਚ ਹਿੱਤੋਂ-ਉਪਦੇਸ਼ ਅਤੇ ਪੰਚ ਤੰਤਰ ਦੀਆਂ ਬੇਬੁਨਿਆਦੀ ਤੇ ਮਨਘੜਤਾਂ ਕਥਾਵਾਂ ਦਾ ਜ਼ੋਰ ਰਿਹਾ ਜਾਂ ਪੱਛਮੀ ਪਿਛੋਕੜ ਉੱਤੇ ਉਸਰੀ ਹੋਈ ਕਿਸੇ ਸਿੱਖਿਆ-ਦਾਇਕ ਕਹਾਣੀ ਨੂੰ ਪਾਠ ਪੁਸਤਕ ਵਿਚ ਸਥਾਨ ਮਿਲ ਜਾਂਦਾ ਸੀ।

ਪਾਠ-ਪੁਸਤਕ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਪ੍ਰਮੁੱਖ ਆਧਾਰ ਹੈ। ਵਿਦਿਆਰਥੀ ਨੂੰ ਆਪਣੇ ਗਿਆਨ ਦੇ ਵਿਕਾਸ ਲਈ

ਪਾਠ-ਪੁਸਤਕਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਪਾਠ-ਪੁਸਤਕ ਭਾਸ਼ਾ ਦੇ ਸਾਰੇ ਅੰਗਾਂ ਨੂੰ ਪੜ੍ਹਾਉਣ ਦਾ ਕੇਂਦਰ ਹੈ। ਵਿਆਕਰਣ, ਰਚਨਾ, ਉਚਾਰਨ, ਬੋਲਚਾਲ ਆਦਿ ਸਿਖਾਉਣ ਲਈ ਪਾਠ-ਪੁਸਤਕ ਇਕ ਸਰਲ ਸਾਧਨ ਹੈ। ਪਾਠ-ਪੁਸਤਕਾਂ ਸਾਧਾਰਨ ਅਧਿਆਪਕ ਤੇ ਵਿਦਿਆਰਥੀਆਂ ਲਈ ਇਕ ਮਾਰਗ ਦਰਸ਼ਕ ਦਾ ਕੰਮ ਕਰਦੀਆਂ ਹਨ। ਇਸ ਨਾਲ ਇਕ ਸਮਾਨ ਪੱਧਰ ਦਾ ਨਿਰਮਾਣ ਹੁੰਦਾ ਹੈ। ਬਿਨਾਂ ਪਾਠ-ਪੁਸਤਕਾਂ ਦੇ ਕੋਈ ਅਧਿਆਪਕ ਕੁਝ ਪੜ੍ਹਾਏਗਾ ਤੇ ਕੋਈ ਕੁਝ। ਇਨ੍ਹਾਂ ਬਿਨਾਂ ਇਕੋ ਜਿਹਾ ਪੱਧਰ ਬਣਾਈ ਰੱਖਣਾ ਸੰਭਵ ਹੈ। ਇਸ ਲਈ ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਵੱਲੋਂ ਵਿਦਿਆਰਥੀਆਂ ਦੀਆਂ ਭਿੰਨ ਭਿੰਨ ਪ੍ਰੀਖਿਆਵਾਂ ਲਈ ਪਾਠ-ਪੁਸਤਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

## 2.1.3 ਪਾਠ ਪੁਸਤਕ ਦਾ ਅਰਥ :

ਪ੍ਰਾਚੀਨ ਸਮੇਂ ਵਿੱਚ ਪਾਠ-ਪੁਸਤਕ ਨੂੰ 'ਗ੍ਰੰਥ' ਸ਼ਬਦ ਨਾਲ ਜਾਣਿਆ ਜਾਂਦਾ ਸੀ। ਗ੍ਰੰਥ ਦਾ ਸ਼ਾਬਦਿਕ ਅਰਥ ਹੈ- ਬੰਨਣਾ ਜਾਂ ਨਿਯਮਿਤ ਰੂਪ ਨਾਲ ਜੋੜਨਾ। ਪਹਿਲਾ-ਪਹਿਲਾ ਭੋਜਪੱਤਰ ਜਾਂ ਤਾੜਪੱਤਰ ਉੱਤੇ ਲਿਖ ਕੇ ਆਚਾਰੀਆ ਲੋਕ ਉਸਨੂੰ ਧਾਗੇ ਨਾਲ ਬੰਨ ਦਿੰਦੇ ਸਨ। ਇਸੇ ਕਾਰਨ ਉਹਨਾਂ ਨੂੰ ਗ੍ਰੰਥ ਕਿਹਾ ਜਾਂਦਾ ਸੀ। ਅੰਗ੍ਰੇਜ਼ੀ ਭਾਸ਼ਾ ਦਾ 'ਬੁੱਕ' ਸ਼ਬਦ ਜਰਮਨ ਭਾਸ਼ਾ ਦੇ 'ਬੀਕ' ਸ਼ਬਦ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ। ਇਸ ਦਾ ਅਰਥ ਹੈ - ਰੁੱਖ। ਇਸਦਾ ਸੰਬੰਧ ਰੁੱਖ ਦੀ ਛਿੱਲ ਜਾਂ ਤਖਤੀ ਉਤੇ ਲਿਖਣ ਨਾਲ ਹੈ।

ਸੀ.ਵੀ. ਗੁੱਡ ਨੇ ਪਾਠ-ਪੁਸਤਕ ਦੀ ਪ੍ਰੀਭਾਸ਼ਾ ਦਿੰਦੇ ਹੋਏ ਕਿਹਾ ਹੈ, ''ਇੱਕ ਨਿਸ਼ਚਿਤ ਪਾਠਕ੍ਰਮ ਦੇ ਅਧਿਐਨ ਦੇ ਪ੍ਰਮੁੱਖ ਸਾਧਨ ਦੇ ਰੂਪ ਵਿੱਚ, ਇੱਕ ਨਿਸ਼ਚਿਤ ਸਿੱਖਿਆ ਪੱਧਰ ਉੱਤੇ ਪ੍ਰਯੋਗ ਕਰਨ ਲਈ ਇਕ ਨਿਸ਼ਚਿਤ ਵਿਸ਼ੇ ਤੇ ਕ੍ਰਮਬੱਧ ਤੇ ਨਿਯੋਜਿਤ ਰੂਪ ਵਿੱਚ ਲਿਖੀ ਹੋਈ ਪੁਸਤਕ ਹੀ ਪਾਠ-ਪੁਸਤਕ ਹੈ।

ਆਰ. ਡਗਲਸ ਅਨੁਸਾਰ, ''ਅਧਿਆਪਕਾਂ ਦੇ ਅਨੁਭਵਾਂ ਅਤੇ ਵਿਸ਼ਲੇਸ਼ਣ ਅਨੁਸਾਰ, ਪਾਠ-ਪੁਸਤਕਾਂ ਪੜ੍ਹਨ ਤੇ ਪੜ੍ਹਾਉਣ ਦਾ ਮਹੱਤਵਪੂਰਨ ਆਧਾਰ ਹੈ।'' ਇਸ ਤਰ੍ਹਾਂ ਪਾਠ-ਪੁਸਤਕਾਂ ਗਿਆਨ ਨੂੰ ਸੰਗ੍ਰਹਿ ਤੇ ਸੰਚਾਰ ਕਰਨ ਦਾ ਇੱਕ ਵਧੀਆ ਸਾਧਨ ਹੈ, ਜਿਸਦਾ ਲਾਭ ਨਵੀਂ ਪੀੜ੍ਹੀ ਨੂੰ ਹੁੰਦਾ ਹੈ।

## 2.1.4 ਪਾਠ ਪੁਸਤਕਾਂ ਦਾ ਮਹੱਤਵ :

ਕੁੱਝ ਸਿੱਖਿਆ ਸ਼ਾਸਤਰੀਆਂ ਦੀ ਰਾਇ ਹੈ ਕਿ ਪਾਠ-ਪੁਸਤਕਾਂ ਦੇ ਕਾਰਣ, ਅੱਜ ਕੱਲ ਦੀ ਸਿੱਖਿਆ, ਪੁਸਤਕ-ਕੇਂਦਰਤ ਹੁੰਦੀ ਜਾ ਰਹੀ ਹੈ। ਵਿਦਿਆਰਥੀਆਂ ਵਿਚ ਘੋਟਾ ਲਗਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਮੁਲਾਂਕਣ, ਪ੍ਰਤਿਭਾ ਦੇ ਆਧਾਰ ਤੇ ਨਹੀਂ ਸਗੋਂ ਪਾਠ-ਪੁਸਤਕਾਂ ਦੇ ਸੀਮਤ ਗਿਆਨ ਦੇ ਆਧਾਰ ਉੱਪਰ ਹੋ ਰਿਹਾ ਹੈ। ਇਸ ਨਾਲ ਪ੍ਰਤਿਭਾ ਦਾ ਵਿਕਾਸ ਨਹੀਂ ਹੋ ਰਿਹਾ। ਪਾਠ-ਪੁਸਤਕਾਂ ਨੇ ਸਿੱਖਿਆ ਦੇ ਉਦੇਸ਼ਾਂ ਨੂੰ ਸੌੜਾ ਕਰ ਦਿੱਤਾ ਹੈ, ਆਦਿ।

ਇਸ ਕੱਟੜ ਆਲੋਚਨਾ ਦੇ ਬਾਵਜੂਦ, ਪਾਠ-ਪੁਸਤਕਾਂ ਦਾ ਮਹੱਤਵ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਅਸਲ ਵਿਚ ਪਾਠ-ਪੁਸਤਕਾਂ ਸਿੱਖਿਆ ਦੇ ਵਿਕਾਸ ਤੇ ਪ੍ਰਸਾਰ ਦੀਆਂ ਕੁਝ ਮਹੱਤਵਪੂਰਨ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦਾ ਮਹੱਤਵ ਵੱਧ ਰਿਹਾ ਹੈ। ਇਹ ਕਾਰਨ ਹੇਠ ਲਿਖੇ ਹਨ :

**(i) ਵਿਸ਼ੇ-ਵਸਤੂ ਨੂੰ ਸਮਝਣ ਵਿੱਚ ਸਹਾਇਕ :** ਪਾਠ-ਪੁਸਤਕਾਂ ਦੀ ਸਹਾਇਤਾ ਨਾਲ ਵਿਸ਼ੇ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਬੱਚੇ ਸ਼੍ਰੇਣੀ ਵਿੱਚ, ਅਧਿਆਪਕ ਦੁਆਰਾ ਪੜ੍ਹਾਏ ਗਏ ਮੌਖਿਕ ਗਿਆਨ ਨੂੰ ਸਮਝ ਤਾਂ ਲੈਂਦੇ ਹਨ, ਪਰ ਉਸ ਨੂੰ ਯਾਦ ਕਰਨ ਲਈ ਕਈ ਵਾਰ ਦੁਹਰਾਈ ਤੇ ਅਭਿਆਸ ਦੀ ਲੋੜ ਹੁੰਦੀ ਹੈ। ਪਾਠ-ਪੁਸਤਕ ਇਸ ਜ਼ਰੂਰਤ ਨੂੰ ਪੂਰਾ ਕਰਦੀ ਹੈ। ਕਈ ਵਾਰ ਵਿਦਿਆਰਥੀ, ਸ਼੍ਰੇਣੀ ਵਿਚ ਨੋਟਸ ਨਹੀਂ ਲੈ ਸਕਦੇ, ਉਨ੍ਹਾਂ ਨੂੰ ਪਾਠ-ਪੁਸਤਕ ਉਪਰ ਹੀ ਨਿਰਭਰ ਹੋਣਾ ਪੈਂਦਾ ਹੈ।

**(ii) ਮਾਰਗ ਦਰਸ਼ਕ :** ਪਾਠ-ਪੁਸਤਕ, ਵਿਦਿਆਰਥੀ ਤੇ ਅਧਿਆਪਕ ਦੋਹਾਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਇਹ ਠੀਕ ਹੈ ਕਿ ਭਾਸ਼ਾ ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਦੀ ਭਾਸ਼ਾ ਯੋਗਤਾ ਵਧਾਉਣਾ ਹੈ, ਪਰੰਤੂ ਕਿਸ ਪੱਧਰ ਤੇ ਕਿੰਨੀ ਭਾਸ਼ਾ ਯੋਗਤਾ ਵੱਧਣੀ ਚਾਹੀਦੀ ਹੈ। ਇਸ ਦਾ ਮਾਰਗ ਦਰਸ਼ਨ ਪਾਠ-ਪੁਸਤਕਾਂ ਹੀ ਕਰਦੀਆਂ ਹਨ। ਇਸ ਤਰ੍ਹਾਂ ਇਕ ਨਿਸ਼ਚਿਤ ਸਮੇਂ ਵਿਚੋਂ ਨਿਸ਼ਚਿਤ ਭਾਸ਼ਾ ਯੋਗਤਾ ਪ੍ਰਾਪਤ ਕਰਨ ਲਈ, ਪਾਠ-ਪੁਸਤਕ ਮਾਰਗ ਦਰਸ਼ਕ ਦੀ ਭੂਮਿਕਾ ਨਿਭਾਉਂਦੀ ਹੈ।

**(iii) ਪੜ੍ਹਾਈ ਦਾ ਸਰਲ ਤੇ ਵਧੀਆ ਸਾਧਨ :** ਪਾਠ-ਪੁਸਤਕ ਪੜ੍ਹਾਈ ਦਾ ਸਭ ਤੋਂ ਸਰਲ ਤੇ ਵਧੀਆ ਸਾਧਨ ਹੈ। ਇਹ ਥੋੜਾ ਖਰਚ ਕਰਨ ਨਾਲ ਹੀ ਮਿਲ ਜਾਂਦਾ ਹੈ। ਇਸ ਵਿੱਚ ਵਿਸ਼ੇ ਵਸਤੂ ਨੂੰ ਕ੍ਰਮਬੱਧ ਤੇ ਲੜੀਵਾਰ ਤਰੀਕੇ ਨਾਲ ਪੇਸ਼ ਕੀਤਾ ਹੁੰਦਾ ਹੈ ਜੋ ਨਵੇਂ ਅਧਿਆਪਕ ਤੇ ਵਿਦਿਆਰਥੀਆਂ ਲਈ ਲਾਭਦਾਇਕ ਹੈ। ਅਧਿਆਪਕ ਨੂੰ ਕਿਉਂਕਿ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕੀ ਪੜ੍ਹਾਉਣਾ ਹੈ, ਇਸ ਲਈ ਉਹ ਉਪਯੋਗੀ ਸਿੱਖਿਆ-ਵਿਧੀਆਂ ਤੇ ਦੇਖਣ ਸੁਣਨ ਵਾਲੇ ਸਾਧਨਾਂ ਦੀ ਯੋਗ ਵਰਤੋਂ ਕਰ ਸਕਦਾ ਹੈ।

**(iv) ਮੌਲਿਕ ਚਿੰਤਨ ਲਈ ਪ੍ਰੇਰਕ :** ਪਾਠ-ਪੁਸਤਕਾਂ ਮੌਲਿਕ ਚਿੰਤਨ ਲਈ ਪ੍ਰੇਰਿਤ ਕਰਦੀਆਂ ਹਨ। ਇਨ੍ਹਾਂ ਪੁਸਤਕਾਂ ਦੇ ਹਰੇਕ ਪਾਠ ਦੇ ਅੰਤ ਵਿਚ ਅਭਿਆਸੀ ਪ੍ਰਸ਼ਨ ਹੁੰਦੇ ਹਨ। ਇਨ੍ਹਾਂ ਪ੍ਰਸ਼ਨਾਂ ਵਿਚ ਮੌਲਿਕ ਚਿੰਤਨ ਪ੍ਰਕ੍ਰਿਆ ਸਮਾਈ ਹੁੰਦੀ ਹੈ। ਇਨ੍ਹਾਂ ਦੁਆਰਾ ਬੱਚਿਆਂ ਵਿਚ ਮੌਲਿਕ ਚਿੰਤਨ ਦਾ ਵਿਕਾਸ ਹੁੰਦਾ ਹੈ। ਉਹ ਕੁਝ ਪ੍ਰਸ਼ਨਾਂ ਦਾ ਆਪ ਉੱਤਰ ਲੱਭਣ ਲਈ ਯੋਗ ਹੋ ਜਾਂਦੇ ਹਨ। ਇਸ ਤੋਂ ਉਨ੍ਹਾਂ ਨੂੰ ਹੋਰ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਵੀ ਮਿਲਦੀ ਹੈ, ਜਿਸ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ।

**(v) ਗਿਆਨ ਦੇ ਸਥਾਈਕਰਨ ਵਿਚ ਸਹਾਇਕ :** ਗਿਆਨ ਦੇ ਸਥਾਈਕਰਨ ਲਈ, ਉਸ ਨੂੰ ਯਾਦ ਰੱਖਣ ਦੀ ਲੋੜ ਹੁੰਦੀ ਹੈ। ਪਾਠ-ਪੁਸਤਕ ਯਾਦ ਰੱਖਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ।

**(vi) ਮਨੋਰੰਜਨ ਦਾ ਸਾਧਨ :** ਸਿੱਖਿਆ ਵਿੱਚ ਮਨੋਰੰਜਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਪਾਠ-ਪੁਸਤਕ ਤੋਂ ਕੇਵਲ ਗਿਆਨ ਹੀ ਪ੍ਰਾਪਤ ਨਹੀਂ ਹੁੰਦਾ ਸਗੋਂ ਮਨੋਰੰਜਨ ਵੀ ਪ੍ਰਾਪਤ ਹੁੰਦਾ ਹੈ। ਭਾਸ਼ਾ ਦੀ ਪਾਠ-ਪੁਸਤਕ ਵਿੱਚ ਸ਼ਾਮਲ ਕਹਾਣੀਆਂ, ਇਕਾਂਗੀ, ਕਵਿਤਾਵਾਂ, ਹਾਸ ਤੇ ਵਿਅੰਗਾਤਮਿਕ ਲੇਖ ਆਦਿ ਵਿਦਿਆਰਥੀਆਂ ਦਾ ਮਨੋਰੰਜਨ ਵੀ ਕਰਦੇ ਹਨ ਤੇ ਸਿੱਖਿਆ ਵੀ ਦਿੰਦੇ ਹਨ।

**(vii) ਭਿੰਨ ਭਿੰਨ ਤੱਤਾਂ ਵਿਚ ਸੰਤੁਲਨ :** ਪਾਠ-ਪੁਸਤਕ, ਸਿੱਖਿਆ ਦੇ ਭਿੰਨ ਭਿੰਨ ਤੱਤਾਂ ਵਿਚ ਸੰਤੁਲਨ ਸਥਾਪਤ ਰੱਖਣ ਵਿਚ ਸਹਾਇਕ ਸਿੱਧ ਹੁੰਦੀ ਹੈ। ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤ ਹਨ ਜਿਵੇਂ ਉਚਾਰਣ, ਸ਼ਬਦ-ਜੋੜ, ਵਿਆਕਰਣ, ਰਚਨਾ-ਕਾਰਜ ਆਦਿ। ਇਸ ਤਰ੍ਹਾਂ ਭਾਸ਼ਾ ਸਿੱਖਿਆ ਵਿਚ ਕਵਿਤਾ, ਕਹਾਣੀ, ਇਕਾਂਗੀ, ਨਾਟਕ, ਨਿਬੰਧ ਆਦਿ ਭਿੰਨ ਭਿੰਨ ਰੂਪਾਂ ਨੂੰ ਵੀ ਸ਼ਾਮਲ ਕਰਨਾ ਹੁੰਦਾ ਹੈ। ਭਾਸ਼ਾ ਦਾ ਸੰਪੂਰਨ ਗਿਆਨ ਪ੍ਰਾਪਤ ਕਰਨ ਲਈ, ਭਾਸ਼ਾ ਦੇ ਇਨ੍ਹਾਂ ਭਿੰਨ ਭਿੰਨ ਤੱਤਾਂ ਦੇ ਰੂਪਾਂ ਵਿਚ ਸੰਤੁਲਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਪਾਠ-ਪੁਸਤਕ, ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤਾ ਵਿਚ ਇੱਕ ਸੰਤੁਲਨ ਸਥਾਪਤ ਕਰਨ ਵਿੱਚ ਸਹਾਇਕ ਹੁੰਦੀ ਹੈ।

**(viii) ਮਨੋਵਿਗਿਆਨਕ ਲੋੜਾਂ ਦੀ ਪੂਰਤੀ ਵਿਚ ਸਹਾਇਕ :** ਭਿੰਨ ਭਿੰਨ ਆਯੂ-ਵਰਗ ਦੇ ਵਿਦਿਆਰਥੀਆਂ ਦੀਆਂ ਕੁਝ ਮਾਨਸਿਕ ਤੇ ਬੌਧਿਕ ਜ਼ਰੂਰਤਾਂ ਹੁੰਦੀਆਂ ਹਨ, ਜਿਨ੍ਹਾਂ ਵੱਲ ਧਿਆਨ ਦਿੱਤੇ ਬਿਨਾ, ਅਧਿਆਪਨ ਨੂੰ ਰੌਚਿਕ ਤੇ ਪ੍ਰਭਾਵ ਪੂਰਨ ਨਹੀਂ ਬਣਾਇਆ ਜਾ ਸਕਦਾ। ਪਾਠ-ਪੁਸਤਕ ਬਣਾਉਣ ਸਮੇਂ ਇਨ੍ਹਾਂ ਮਾਨਸਿਕ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਨਾਲ ਬੱਚਾ ਪੜ੍ਹਾਈ ਵਿਚ ਰੁਚੀ ਲੈਣ ਲੱਗ ਪੈਂਦਾ ਹੈ।

**(ix) ਇਕ ਪੱਧਰ ਦੀ ਸਥਾਪਤੀ ਵਿਚ ਸਹਾਇਕ :** ਪਾਠ-ਪੁਸਤਕ, ਕਿਉਂਕਿ ਬੱਚਿਆਂ ਦੀ ਉਮਰ ਦੇ ਮਾਨਸਿਕ ਪੱਧਰ ਅਨੁਸਾਰ ਤਿਆਰ ਕੀਤੀ ਜਾਂਦੀ ਹੈ। ਇਸ ਲਈ ਉਹ ਉਸ ਆਯੂ ਗੁੱਟ ਦੇ ਵਿਦਿਆਰਥੀਆਂ ਲਈ ਇੱਕ ਪੱਧਰ ਦੇ ਨਿਰਮਾਣ ਵਿਚ ਸਹਾਇਤਾ ਕਰਦੀ ਹੈ। ਪਾਠ-ਪੁਸਤਕ ਦੇ ਬਿਨਾ ਕੋਈ ਅਧਿਆਪਕ ਕੁਝ ਪੜ੍ਹਾਏਗਾ ਤੇ ਕੋਈ ਕੁਝ, ਕਿਤੇ ਜ਼ਿਆਦਾ ਪੜ੍ਹਾਇਆ ਜਾਵੇਗਾ ਤੇ ਕਿਤੇ ਘੱਟ ਪੜ੍ਹਾਇਆ ਜਾਵੇਗਾ। ਇਸ ਨਾਲ ਇਕੋ ਹੀ ਖੇਤਰ ਵਿਚ ਵੱਖ ਵੱਖ ਪੱਧਰਾਂ ਦੀ ਸਥਾਪਤੀ ਨਹੀਂ ਹੋ ਸਕੇਗੀ। ਇਨ੍ਹਾਂ ਪੱਧਰਾਂ ਨੂੰ ਇਕ ਸਮਾਨ ਬਣਾਈ ਰੱਖਣ ਲਈ, ਪਾਠ-ਪੁਸਤਕ ਦੀ ਹਰ ਸਮੇਂ ਜ਼ਰੂਰਤ ਹੈ। ਇਸ ਨਾਲ ਇਕ ਸਮਾਨ ਪ੍ਰੀਖਿਆ ਸੰਭਵ ਹੋ ਸਕਦੀ ਹੈ।

**(x) ਸਿੱਖਿਆ ਦੇ ਪ੍ਰਸਾਰ ਵਿਚ ਸਹਾਇਕ :** ਸਿੱਖਿਆ ਦੇ ਪ੍ਰਸਾਰ ਕਾਰਨ ਅਧਿਆਪਕ ਨੂੰ ਇੱਕ ਸਮੇਂ 50 ਤੋਂ ਉੱਪਰ ਵਿਦਿਆਰਥੀਆਂ ਨੂੰ ਇਕ ਸ਼੍ਰੇਣੀ ਵਿੱਚ ਪੜ੍ਹਾਉਣਾ ਪੈਂਦਾ ਹੈ। ਇਸ ਸਥਿਤੀ ਵਿਚ ਅਨੁਸ਼ਾਸਨ ਰੱਖਣਾ ਤੇ ਵਿਅਕਤੀਗਤ ਧਿਆਨ ਦੇਣਾ ਮੁਸ਼ਕਿਲ ਹੋਜਾਂਦਾ ਹੈ। ਨਤੀਜੇ ਵਜੋਂ ਠੀਕ ਪੜ੍ਹਾਈ ਨਹੀਂ ਹੋ ਸਕਦੀ। ਮੌਖਿਕ ਅਧਿਆਪਨ ਤਾਂ ਪ੍ਰਭਾਵਸ਼ਾਲੀ ਹੋ ਸਕਦਾ ਹੈ ਜੇ ਇਕ ਅਧਿਆਪਕ 5-7 ਵਿਦਿਆਰਥੀਆਂ ਨੂੰ ਪੜ੍ਹਾਵੇ। ਪਰੰਤੂ ਮੌਜੂਦਾ ਹਾਲਾਤ ਵਿਚ

ਅਧਿਆਪਕ ਤੇ ਵਿਦਿਆਰਥੀਆਂ ਨੂੰ ਪਾਠ-ਪੁਸਤਕ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਇਸ ਨਾਲ, ਅਧਿਆਪਕ ਨੂੰ ਬਹੁਤ ਸੌਖ ਰਹਿੰਦੀ ਹੈ ਅਤੇ ਪਾਠ-ਪੁਸਤਕਾਂ ਸਿੱਖਿਆ ਦੇ ਪਸਾਰ ਵਿਚ ਸਹਾਇਕ ਬਣਦੀ ਹੈ।

**(xi) ਸਵੈ ਅਧਿਐਨ ਤੇ ਆਤਮ-ਵਿਸ਼ਵਾਸ ਦੀ ਭਾਵਨਾ :** ਗਿਆਨ ਨੂੰ ਦੁਹਰਾਉਣ ਲਈ ਸਵੈ-ਅਧਿਐਨ ਜ਼ਰੂਰੀ ਹੈ। ਪੁਸਤਕਾਂ ਸਵੈ-ਅਧਿਐਨ ਦਾ ਆਧਾਰ ਹੁੰਦੀਆਂ ਹਨ। ਸਵੈ-ਅਧਿਐਨ ਨਾਲ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਜਿਸ ਨਾਲ ਵਿਦਿਆਰਥੀਆਂ ਵਿੱਚ ਮੌਲਿਕ ਚਿੰਤਨ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

**(xii) ਬੱਚਿਆਂ ਦੀ ਸਮਰੱਥਾ ਅਨੁਸਾਰ ਸਿੱਖਿਆ :** ਕੋਈ ਵੀ ਵਿਅਕਤੀ ਇੱਕ ਵੱਡਾ ਵਿਦਵਾਨ ਹੋ ਸਕਦਾ ਹੈ ਪ੍ਰੰਤੂ ਉੱਤਮ ਪਾਠ ਪੁਸਤਕ ਲੇਖਕ ਨਹੀਂ ਹੋ ਸਕਦਾ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਪੁਸਤਕ ਦਾ ਵਿਸ਼ਾ-ਵਸਤੂ, ਉਦਾਹਰਨਾਂ, ਵਿਸ਼ੇ ਵਸਤੂ ਦਾ ਪ੍ਰਸਤੁਤੀਕਰਣ ਤੇ ਭਾਸ਼ਾ-ਸ਼ੈਲੀ, ਬੱਚਿਆਂ ਦੀ ਮਾਨਸਿਕ ਸਮਰੱਥਾ ਦੇ ਪੱਧਰ ਅਨੁਸਾਰ ਹੈ, ਕਿ ਨਹੀਂ। ਆਧੁਨਿਕ ਸਿੱਖਿਆ ਵਿੱਚ ਸਿਖਾਉਣ ਦੇ ਮੁਕਾਬਲੇ ਸਿੱਖਣ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਇਸ ਲਈ ਪਾਠ-ਪੁਸਤਕ, ਬੱਚਿਆਂ ਨੂੰ ਉਨ੍ਹਾਂ ਦੀ ਸਮਰੱਥਾ ਦੇ ਅਨੁਸਾਰ ਸਿੱਖਿਆ ਦੇਣ ਵਿੱਚ ਸਹਾਇਕ ਹੈ।

ਉਪਰੋਕਤ ਮਹੱਤਤਾ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਪਾਠ ਪੁਸਤਕਾਂ ਦਾ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਮਹੱਤਵਪੂਰਨ ਸਥਾਨ ਹੈ। ਪਾਠ ਪੁਸਤਕ ਦੀ ਸਹਾਇਤਾ ਨਾਲ ਹੀ ਬੱਚਾ ਤੇ ਅਧਿਆਪਕ ਵਧੀਆਂ ਪੜ੍ਹਾਈ ਕਰ ਸਕਦੇ ਹਨ।

## 2.1.5 ਪਾਠ ਪੁਸਤਕ ਦੀਆਂ ਕਿਸਮਾਂ :

ਪਾਠ ਪੁਸਤਕ ਦੀਆਂ ਕਿਸਮਾਂ ਇਸ ਪ੍ਰਕਾਰ ਹਨ:

1. **ਵਿਸਤ੍ਰਿਤ ਵਸਤੂ ਵਾਲੀ ਪੁਸਤਕ (Detailed Subject Matter Book) :** ਇਹ ਅਜਿਹੀਆਂ ਪੁਸਤਕਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਵਸਤੂ ਨੂੰ ਵਿਸਤਾਰ ਨਾਲ ਦਿੱਤਾ ਹੁੰਦਾ ਹੈ ਪ੍ਰੰਤੂ ਅੱਗੇ ਹੋਰ ਵਿਆਖਿਆ ਕਰਨ ਦੀ ਵੀ ਗੁੰਜਾਇਸ਼ ਹੁੰਦੀ ਹੈ।

2. **ਸੀਮਿਤ ਵਿਸ਼ਾ ਵਸਤੂ ਵਾਲੀ ਪੁਸਤਕ (Limited Subject Matter Book):** ਇਹ ਪੁਸਤਕ ਇਸ ਪ੍ਰਕਾਰ ਦੀ ਹੁੰਦੀ ਹੈ ਜਿਸ ਵਿੱਚ ਵਿਸ਼ਾ ਵਸਤੂ ਬਾਰੇ ਜਾਣਕਾਰੀ ਸੀਮਤ ਹੁੰਦੀ ਹੈ। ਇਸ ਵਿੱਚ ਵਿਸ਼ੇ ਦਾ ਸਿਰਫ ਢਾਂਚਾ ਹੀ ਦਿੱਤਾ ਹੈ, ਵਿਸਤਾਰ ਸਹਿਤ ਕੁਝ ਨਹੀਂ ਦਿੱਤਾ ਹੁੰਦਾ।

3. **ਸੰਪੂਰਨ ਵਿਸ਼ਾ ਵਸਤੂ ਪੁਸਤਕ (Confined Perfect Subject Matter Book):** ਅਜਿਹੀ ਪੁਸਤਕ ਵਿੱਚ ਤੱਥਾਂ ਅਤੇ ਅੰਕੜਿਆਂ ਨੂੰ ਪੂਰੇ ਵਿਸਤਾਰ ਨਾਲ ਦਿੱਤਾ ਜਾਂਦਾ ਹੈ। ਕੋਈ ਅਜਿਹਾ ਪੱਖ ਨਹੀ ਹੁੰਦਾ ਜਿਸ ਵਿੱਚ ਵੇਰਵੇ ਸਹਿਤ ਵਿਆਖਿਆ ਕੀਤੀ ਗਈ ਹੈ।

## 2.1.6 ਚੰਗੀ ਪਾਠ ਪੁਸਤਕ ਦੀਆਂ ਵਿਸ਼ੇਸ਼ਤਾਵਾਂ :

ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਪਾਠ-ਪੁਸਤਕ ਦੇ ਦੋ ਰੂਪ ਹੁੰਦੇ ਹਨ – ਅੰਦਰੂਨੀ ਅਤੇ ਬਾਹਰੀ। ਅੰਦਰੂਨੀ ਰੂਪ ਵਿਚ ਭਾਸ਼ਾ, ਸ਼ੈਲੀ, ਵਿਸ਼ਾ-ਵਸਤੂ ਆਦਿ ਆਉਂਦੇ ਹਨ ਜਦੋ ਕਿ ਬਾਹਰੀ ਰੂਪ ਵਿਚ ਪਾਠ-ਪੁਸਤਕ ਦਾ ਆਕਾਰ ਪ੍ਰਕਾਰ, ਛਪਾਈ ਤੇ ਬਾਹਰਲੀ ਦਿੱਖ ਆਦਿ। ਸਮੁੱਚੇ ਰੂਪ ਵਿਚ ਭਾਸ਼ਾ ਦੀ ਇਕ ਚੰਗੀ ਪੁਸਤਕ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

### 2.1.6.1 ਵਿਸ਼ਾ-ਵਸਤੂ

ਪਾਠ-ਪੁਸਤਕਾਂ ਲਈ ਵਿਸ਼ੇ ਵਸਤੂ ਦੀ ਚੋਣ ਕਰਨ ਸਮੇਂ ਵਿਦਿਆਰਥੀਆਂ ਦੀਆਂ ਭਾਵੁਕ, ਮਾਨਸਿਕ, ਸਮਾਜਿਕ ਤੇ ਭੌਤਿਕ ਲੋੜਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਲੇਖਕ ਨੂੰ ਪਾਠ-ਪੁਸਤਕ ਤਿਆਰ ਕਰਨ ਸਮੇਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਉਮਰ ਦੇ ਬੱਚਿਆਂ ਲਈ ਪੁਸਤਕ ਤਿਆਰ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀ ਲੋੜਾਂ ਅਤੇ ਰੁਚੀਆਂ ਹਨ। ਉਨ੍ਹਾਂ ਲੋੜਾਂ ਨੂੰ ਸੰਤੁਲਨ ਕਰਨ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਸਮਾਜ-ਅਨੁਕੂਲ

ਵਿਸ਼ਿਆਂ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਕੇ ਬੱਚਿਆਂ ਲਈ ਰੌਚਿਕ ਬਣਾਇਆ ਜਾ ਸਕਦਾ ਹੈ।

(i) ਪਾਠ-ਪੁਸਤਕ ਵਿਚ ਵਿਸ਼ਾ ਵਸਤੂ ਗਿਆਤ ਤੋਂ ਅਗਿਆਤ ਦੇ ਕ੍ਰਮ ਅਨੁਸਾਰ ਪ੍ਰਸਤੁਤ ਕੀਤਾ ਜਾਣਾ ਚਾਹੀਦਾ ਹੈ। ਬੱਚੇ ਨੂੰ ਪਹਿਲਾਂ ਉਸਦੇ ਅਨੁਭਵ ਤੇ ਗਿਆਨ ਦੇ ਘੇਰੇ ਵਾਲੀਆਂ ਗੱਲਾਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

(ii) ਵਿਸ਼ਿਆਂ ਦੀ ਨਵੀਨਤਾ ਅਤੇ ਅੱਡਰਤਾ ਨਾਲ, ਗਿਆਨ ਦੇ ਵਾਧੇ ਦੇ ਨਾਲ ਨਾਲ ਰੌਚਿਕਤਾ ਵੀ ਵੱਧਦੀ ਹੈ। ਇਸ ਲਈ ਪੁਸਤਕ ਵਿਚ ਪ੍ਰਾਕ੍ਰਿਤਕ ਤੇ ਸਮਾਜਿਕ ਵਾਤਾਵਰਣ ਦੇ ਵੱਖੋ ਵੱਖ ਵਿਸ਼ਿਆਂ ਨਾਲ ਸੰਬੰਧਿਤ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਹੋਣੇ ਚਾਹੀਦੇ ਹਨ।

(iii) ਪਾਠ-ਪੁਸਤਕ ਵਿਚ ਕਿਸੇ ਲੰਬੀ ਕਵਿਤਾ ਜਾਂ ਲੇਖ ਆਦਿ ਦਾ ਉਹ ਭਾਗ ਪ੍ਰਸਤੁਤ ਕੀਤਾ ਜਾਵੇ, ਜਿਸ ਨੂੰ ਪੜ੍ਹਾਈ ਦੇ ਪਿਛੋਂ ਬਾਲਕ ਦੇ ਮਨ ਵਿਚ ਉਸ ਨੂੰ ਪੂਰਾ ਪੜ੍ਹਨ ਦੀ ਲਾਲਸਾ ਜਾਗੇ।

(iv) ਵਿਸ਼ਿਆਂ ਦੇ ਆਪਸੀ ਸੰਬੰਧ ਲਈ ਭਾਸ਼ਾ ਦੀ ਪਾਠ-ਪੁਸਤਕ ਵਿਚ ਜੋ ਪਾਠ ਰੱਖੇ ਜਾਣ, ਉਨ੍ਹਾਂ ਦਾ ਸੰਬੰਧ ਦੂਸਰਿਆਂ ਵਿਸ਼ਿਆਂ ਨਾਲ ਵੀ ਹੋਣਾ ਚਾਹੀਦਾ ਹੈ।

(v) ਰਚਨਾਤਮਿਕ ਕ੍ਰਿਆਵਾਂ ਲਈ ਗਿਆਨ ਵਧਾਉਣ ਦੇ ਨਾਲ ਵਿਸ਼ੇ ਰਚਨਾਤਮਿਕ ਬੁੱਧੀ ਉਤਪੰਨ ਕਰਨ ਵਾਲੇ ਹੋਣੇ ਚਾਹੀਦੇ ਹਨ। ਕਵਿਤਾਵਾਂ ਨੂੰ ਪੜ੍ਹ ਕੇ ਬੱਚੇ ਆਪਣੀ ਕਲਪਨਾ ਕਰਨ ਲੱਗ ਜਾਣ। ਆਪ ਲਿਖਣ ਤੇ ਕੁਝ ਬਣਨ ਲਈ ਉਤਸ਼ਾਹਿਤ ਹੋਣ। ਵਿਸ਼ੇ ਅਜਿਹੇ ਚਾਹੀਦੇ ਹਨ ਕਿ ਉਹ ਬੱਚੇ ਲਈ ਪ੍ਰੇਰਨਾ ਦਾ ਕੰਮ ਕਰਨ।

(vi) ਪਾਠ-ਪੁਸਤਕ ਵਿਚ ਬੱਚਿਆਂ ਨੂੰ ਕੋਰੇ ਉਪਦੇਸ਼ ਨਾ ਦਿੱਤੇ ਜਾਣ ਕਿਉਂਕਿ ਪਾਠ-ਪੁਸਤਕਾਂ ਭਾਸ਼ਾ ਸਿੱਖਿਆ ਲਈ ਹਨ, ਉਪਦੇਸ਼ਾਂ ਲਈ ਨਹੀਂ। ਭਾਸ਼ਾ ਅਧਿਆਪਕ ਉਪਦੇਸ਼ ਨਹੀਂ ਦਿੰਦਾ। ਜੇਕਰ ਉਪਦੇਸ਼ ਦੇਣਾ ਵੀ ਹੋਵੇ ਤਾਂ ਉਹ ਕਿਸੇ ਕਹਾਣੀ ਦੇ ਮਾਧਿਅਮ ਰਾਹੀਂ ਹੀ ਦਿੱਤਾ ਜਾਵੇ।

(vii) ਪਾਠ-ਪੁਸਤਕ, ਲੇਖਕਾਂ ਤੇ ਸੰਪਾਦਕਾਂ ਦੇ ਪੰਡਤਾਊ ਪ੍ਰਦਰਸ਼ਨ ਲਈ ਨਹੀਂ ਹੋਣੀ ਚਾਹੀਦੀ। ਇਹ ਵਿਦਿਆਰਥੀਆਂ ਦੇ ਪ੍ਰਯੋਗ ਲਈ ਹੋਣੀ ਚਾਹੀਦੀ ਹੈ। ਇਸ ਲਈ ਇਸ ਦੀ ਰਚਨਾ ਵਿਚ ਵਿਦਿਆਰਥੀਆਂ ਦੀਆਂ ਭਾਵਨਾਤਮਕ ਤੇ ਮਾਨਸਿਕ ਜ਼ਰੂਰਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

(viii) ਅਧਿਆਤਮਕ ਤੇ ਕਾਲਪਨਿਕ ਵਿਸ਼ਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਪਾਠ-ਪੁਸਤਕਾਂ ਵਿਚ ਜਾਦੂ-ਟੂਣਾ, ਭੂਤ-ਪ੍ਰੇਤ ਅਤੇ ਜਿੰਨ ਪਰੀਆਂ ਆਦਿ ਦੀਆਂ ਕਹਾਣੀਆਂ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ।

(ix) ਭਾਸ਼ਾ ਦੀ ਪਾਠ-ਪੁਸਤਕ ਦੀ ਵਿਸ਼ਾ ਸਮੱਗਰੀ ਦੀ ਚੋਣ ਦਾ ਗਠਨ ਕਰਨ ਸਮੇਂ ਕ੍ਰਮਬੱਧਤਾ ਤੇ ਮਾਤਰਾ ਦਾ ਧਿਆਨ ਰੱਖਣਾ ਚਾਹੀਦਾ ਹੈ। ਪਾਠਾਂ ਦਾ ਕ੍ਰਮ ਰੁੱਤ ਦੇ ਅਨੁਸਾਰ ਹੋਣਾ ਚਾਹੀਦਾ ਹੈ। ਕਵਿਤਾ, ਕਹਾਣੀ ਤੇ ਨਿਬੰਧ ਆਦਿ ਇਕ ਥਾਂ ਇਕੱਠੇ ਨਹੀਂ ਆਉਣੇ ਚਾਹੀਦੇ।

(x) ਭਾਸ਼ਾ ਸਿੱਖਿਆ ਦੀ ਪਾਠ-ਪੁਸਤਕ ਦੇ ਵਿਸ਼ੇ, ਨੈਤਿਕ ਤੇ ਚਰਿੱਤਰ ਵਿਕਾਸ ਵਿਚ ਸਹਾਇਕ ਹੋਣੇ ਚਾਹੀਦੇ ਹਨ। ਬੱਚੇ ਦੀ ਸ਼ਖਸੀਅਤ ਦਾ ਸਰਬ-ਪੱਖੀ ਵਿਕਾਸ ਕਰਨਾ ਅਤੇ ਉਸਨੂੰ ਸਮਾਜਿਕ ਤੇ ਰਾਸ਼ਟਰੀ ਵਿਕਾਸ ਵੱਲ ਲੈ ਜਾਣਾ, ਸਿੱਖਿਆ ਦਾ ਇਕ ਮਹਤੱਵਪੂਰਣ ਉਦੇਸ਼ ਹੈ।

(xi) ਵਿਸ਼ੇ-ਸਮੱਗਰੀ ਦੀ ਮਾਤਰਾ ਇੰਨੀ ਹੀ ਹੋਣੀ ਚਾਹੀਦੀ ਹੈ ਜਿੰਨੀ ਨਿਰਧਾਰਿਤ ਸਮੇਂ ਵਿਚ ਸਮਾਪਤ ਹੋ ਸਕੇ। ਸਮੱਗਰੀ ਦੀ ਮਾਤਰਾ ਨਿਸ਼ਚਿਤ ਕਰਨ ਸਮੇਂ, ਭਾਸ਼ਾ ਸਿੱਖਿਆ ਲਈ ਰੱਖੇ ਗਏ ਪੀਰੀਅਡਾਂ ਦੀ ਗਿਣਤੀ ਨੂੰ ਸਾਮਹਣੇ ਰੱਖਣਾ ਚਾਹੀਦਾ ਹੈ। ਪਾਠ ਜ਼ਿਆਦਾ ਲੰਬੇ ਨਹੀਂ ਹੋਣੇ ਚਾਹੀਦੇ, ਕਿਉਂਕਿ ਜ਼ਿਆਦਾ ਲੰਬੇ ਪਾਠਾਂ ਵਿੱਚ ਵਿਦਿਆਰਥੀ ਰੁਚੀ ਨਹੀਂ ਲੈਂਦੇ।

### 2.1.6.2 ਭਾਸ਼ਾ

ਹਰੇਕ ਵਿਸ਼ੇ ਦੀ ਪਾਠ-ਪੁਸਤਕ ਵਿਚ ਭਾਸ਼ਾ ਦਾ ਮਹੱਤਵਪੂਰਨ ਸਥਾਨ ਹੈ। ਢੁੱਕਵੀਂ ਭਾਸ਼ਾ ਦੇ ਪ੍ਰਯੋਗ ਨਾਲ ਖੁਸ਼ਕ ਵਿਸ਼ਿਆ ਨੂੰ ਵੀ ਰੌਚਕ ਬਣਾਇਆ ਜਾ ਸਕਦਾ ਹੈ। ਸ਼ੁੱਧ ਭਾਸ਼ਾ ਦਾ ਗਿਆਨ ਦੇਣਾ, ਪਾਠ-ਪੁਸਤਕ ਦਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ। ਪੁਸਤਕ ਵਿਚ ਵਰਤੀ ਗਈ ਭਾਸ਼ਾ ਵਿਚ ਹੇਠ ਲਿਖੇ ਗੁਣ ਜ਼ਰੂਰ ਹੋਣੇ ਚਾਹੀਦੇ ਹਨ:

(i) ਭਾਸ਼ਾ ਦੀ ਪਾਠ-ਪੁਸਤਕ ਲਈ ਭਾਸ਼ਾ ਸਰਲ ਅਤੇ ਪ੍ਰਵਾਹ ਪੂਰਵਕ ਹੋਣੀ ਚਾਹੀਦੀ ਹੈ। ਸ਼ਬਦ ਅਜਿਹੇ ਵਰਤੇ ਜਾਣੇ ਚਾਹੀਦੇ ਹਨ ਜੋ ਬੱਚਿਆਂ ਲਈ ਮੁਸ਼ਕਿਲ ਨਾ ਹੋਣ।

(ii) ਪਾਠ-ਪੁਸਤਕ ਦੀ ਭਾਸ਼ਾ ਸਪੱਸ਼ਟ ਤੇ ਸਾਫ ਹੋਣੀ ਚਾਹੀਦੀ ਹੈ। ਪੰਡਤਾਊ ਸ਼ਬਦਾਂ ਵਿਚ ਲੰਬੇ-ਲੰਬੇ ਮਿਸ਼ਰਤ ਵਾਕਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਉਹ ਸ਼ਬਦ ਵਰਤਣੇ ਚਾਹੀਦੇ ਹਨ ਜੋ ਆਮ ਵਰਤੋਂ ਵਿਚ ਆਉਂਦੇ ਹੋਣ।

(iii) ਭਾਸ਼ਾ ਸਿੱਖਿਆ ਦੁਆਰਾ ਵਿਦਿਆਰਥੀਆਂ ਦੇ ਸ਼ਬਦ ਗਿਆਨ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸ਼ਬਦਾਵਲੀ ਦਾ ਕ੍ਰਮਿਕ ਵਿਕਾਸ ਕੀਤਾ ਜਾਵੇ। ਇਹ ਯੋਜਨਾ ਆਰੰਭ ਤੋਂ ਹੀ ਬਣਾਉਣੀ ਚਾਹੀਦੀ ਹੈ। ਸ਼ਬਦਾਵਲੀ ਦੀ ਚੋਣ ਕਰਦੇ ਸਮੇਂ ਵਿਦਿਆਰਥੀਆਂ ਦੀ ਮਾਨਸਿਕ ਪੱਧਰ, ਸਥਾਨਕ ਸ਼ਬਦ ਉਪਯੋਗਤਾ ਤੇ ਉਚਾਰਣ ਆਦਿ ਦੀ ਕਠਿਆਈ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

(iv) ਔਖੇ, ਅਜਨਬੀ ਤੇ ਗੂੜ ਸ਼ਬਦਾਂ ਦੇ ਅਰਥ ਤੇ ਵਿਆਖਿਆ ਵੀ ਦੇਣੀ ਚਾਹੀਦੀ ਹੈ।

(v) ਕਿਸੇ ਕਵੀ ਜਾਂ ਲੇਖਕ ਦੀ ਰਚਨਾ ਉਸ ਦੀ ਜਾਣ-ਪਛਾਣ, ਭਾਸ਼ਾ ਸ਼ੈਲੀ ਤੇ ਵਿਸ਼ਿਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

(vi) ਹਰ ਇੱਕ ਪਾਠ ਦੇ ਅੰਤ ਵਿਚ ਵਿਆਕਰਣ, ਸ਼ਬਦਾਵਲੀ ਤੇ ਵਿਸ਼ੇ ਸੰਬੰਧੀ ਪ੍ਰਸ਼ਨ ਹੋਣੇ ਚਾਹੀਦੇ ਹਨ। ਇਨ੍ਹਾਂ ਦੁਆਰਾ ਹੀ ਵਿਦਿਆਰਥੀ ਦੁਹਰਾਈ ਤੇ ਰਚਨਾ ਆਦਿ ਦਾ ਕੰਮ ਕਰ ਸਕਦੇ ਹਨ।

(vii) ਪਾਠ-ਪੁਸਤਕਾਂ ਦੇ ਭਿੰਨ-ਭਿੰਨ ਪਾਠਾਂ ਵਿਚ ਸਰਲ, ਸ਼ੁੱਧ ਅਤੇ ਪ੍ਰਭਾਵਸ਼ਾਲੀ ਸ਼ੈਲੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਸ਼ੈਲੀ ਵਿਚ ਵੱਖਰਾਪਨ ਵਿਚ ਦਿਲਚਸਪੀ ਲੈਂਦੇ ਹਨ। ਇਸ ਲਈ ਆਰੰਭਿਕ ਸ਼੍ਰੇਣੀਆਂ ਵਿਚ ਇਸ ਪ੍ਰਕਾਰ ਦੀ ਸ਼ੈਲੀ ਵਰਤਣੀ ਚਾਹੀਦੀ ਹੈ।

(viii) ਭਾਸ਼ਾ ਸ਼ੈਲੀ ਤੇ ਵਿਆਕਰਣ ਦਾ ਆਪਸੀ ਗੂੜਾ ਸੰਬੰਧ ਹੈ। ਭਾਸ਼ਾ ਦੀ ਪਾਠ-ਪੁਸਤਕ ਵਿਚ ਵਿਸ਼ਰਾਮ-ਚਿੰਨ੍ਹਾਂ, ਸ਼ਬਦ ਜੋੜ ਅਤੇ ਵਿਆਕਰਣਿਕ ਅਸ਼ੁੱਧੀਆਂ ਬਿਲਕੁਲ ਨਹੀਂ ਹੋਣੀਆਂ ਚਾਹੀਦੀਆਂ।

(ix) ਹਰੇਕ ਪਾਠ, ਛੋਟੇ ਛੋਟੇ ਪੈਰ੍ਹਿਆਂ ਵਿਚ ਵੰਡਿਆ ਹੋਣਾ ਚਾਹੀਦਾ ਹੈ ਅਤੇ ਹਰੇਕ ਪੈਰੇ ਵਿਚ ਇਕ ਨਵਾਂ ਵਿਚਾਰ ਹੋਣਾ ਚਾਹੀਦਾ ਹੈ। ਜੋ ਪਿਛਲੇ ਪੈਰੇ ਦੇ ਵਿਚਾਰ ਦੀ ਇਕ ਸੁਭਾਵਿਕ ਕੜੀ ਹੋਵੇ।

(x) ਅੰਤ ਵਿਚ ਪਾਠ ਦੇ ਵਿੱਚ ਆਏ ਅਜਨਬੀ ਤੇ ਨਵੇਂ ਨਾਵਾਂ ਦੀ ਵਿਆਖਿਆ ਵੀ ਹੋਣੀ ਚਾਹੀਦੀ ਹੈ। ਕਈ ਵਾਰ ਰਚਨਾ ਵਿਚ ਅਜਿਹੇ ਔਖੇ ਪ੍ਰਸ਼ਨ ਆਉਂਦੇ ਹਨ, ਜਿਨ੍ਹਾਂ ਤੋਂ ਨਾ ਤਾਂ ਵਿਦਿਆਰਥੀ ਜਾਣੂ ਹੁੰਦੇ ਹਨ ਅਤੇ ਨਾ ਅਧਿਆਪਕ। ਅਜਿਹੀ ਹਾਲਤ ਵਿਚ ਸੰਪਾਦਕ ਨੂੰ ਦੋਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

### 2.1.6.3 ਪ੍ਰਕਾਸ਼ਨ ਅਤੇ ਸੰਪਾਦਨ :

(i) ਸੰਪਾਦਨ ਦਾ ਕੰਮ ਅਤਿਅੰਤ ਮਹੱਤਵਪੂਰਨ ਹੈ। ਉਸ ਨੂੰ ਬਹੁਤ ਸਾਵਧਾਨੀ, ਨਾਲ ਕੰਮ ਕਰਨਾ ਪੈਂਦਾ ਹੈ। ਲੇਖਕ ਦੀਆਂ ਪ੍ਰਤੀਨਿਧ ਰਚਨਾਵਾਂ ਦੀ ਚੋਣ ਦੇ ਨਾਲ ਨਾਲ, ਉਸ ਨੂੰ ਭਿੰਨ ਭਿੰਨ ਲੇਖਕਾਂ ਬਾਰੇ ਵਾਕਫੀਅਤ ਪਾਠਾਂ ਦਾ ਸੰਖੇਪ ਤੇ ਸਾਰ, ਵਿਆਖਿਆ, ਉਦੇਸ਼, ਪ੍ਰਸੰਗ, ਟਿੱਪਣੀਆਂ ਆਦਿ ਵੀ

ਲਿਖਣੀਆਂ ਪੈਂਦੀਆਂ ਹਨ। ਇਸ ਲਈ, ਉਸ ਵਿਚ ਸਭ ਕੁਝ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

(ii) ਪਾਠ-ਪੁਸਤਕ ਦਾ ਸੰਪਾਦਕ ਕੋਈ ਅਧਿਆਪਕ ਹੋਣਾ ਚਾਹੀਦਾ ਹੈ ਜੋ ਸਕੂਲ ਵਿਚ ਉਸ ਵਿਸ਼ੇ ਨੂੰ ਕਾਫੀ ਸਮੇਂ ਤੋਂ ਪੜ੍ਹਾ ਰਿਹਾ ਹੋਵੇ। ਉਹ ਅਜਿਹਾ ਵਿਅਕਤੀ ਬਿਲਕੁਲ ਨਹੀਂ ਹੋਣਾ ਚਾਹੀਦਾ, ਜਿਸ ਨੂੰ ਪੜ੍ਹਾਉਣ ਦਾ ਅਨੁਭਵ ਜਾਂ ਗਿਆਨ ਨਾ ਹੋਵੇ।

(iii) ਜੇਕਰ ਕਿਸੇ ਕਾਰਨ, ਹੋਰ ਪ੍ਰਕਾਸ਼ਕਾਂ ਦੁਆਰਾ ਛਾਪੀ ਗਈ ਪਾਠ-ਪੁਸਤਕ ਲਗਾਉਣੀ ਪੈ ਜਾਵੇ ਤਾਂ ਉਸਦੀ ਚੋਣ ਗੁਣਾਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਲੇਖਕ ਦੇ ਨਾਮ ਜਾਂ ਰਿਸ਼ਵਤ ਦੇ ਆਧਾਰ ਤੇ ਨਹੀਂ।

(vi) ਪਾਠ-ਪੁਸਤਕ ਦੀ ਦੁਹਰਾਈ ਤੇ ਛਪਾਈ, ਜੇ ਹਰ ਸਾਲ ਨਹੀਂ ਤਾਂ ਦੋ ਸਾਲਾਂ ਪਿਛੋਂ ਜ਼ਰੂਰ ਹੋਣੀ ਚਾਹੀਦੀ ਹੈ। ਦੁਨੀਆਂ ਵਿਚ ਹਰ ਵਿਸ਼ੇ ਬਾਰੇ ਗਿਆਨ, ਹਰ ਦਿਨ ਵੱਧ ਰਿਹਾ ਹੈ। ਉਸਦੇ ਨਾਲ ਚਲਣ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਪੁਰਾਣੇ ਤੱਥਾਂ ਦੀ ਛਾਂਟੀ ਕਰਕੇ, ਪਾਠ-ਪੁਸਤਕ ਵਿਚ ਸਮੇਂ ਸਮੇਂ ਨਵੇਂ ਤੱਥ ਪਾਉਣੇ ਚਾਹੀਦੇ ਹਨ।

### 2.1.6.4 ਛਪਾਈ ਅਤੇ ਆਕਾਰ ਆਦਿ :

(i) ਪਾਠ-ਪੁਸਤਕ ਦਾ ਮੁੱਖ ਪੰਨਾ ਰੰਗੀਨ ਤੇ ਦਿਲ ਖਿਚਵਾਂ ਹੋਣਾ ਚਾਹੀਦਾ ਹੈ।

(ii) ਵਰਤਿਆਂ ਗਿਆ ਕਾਗਜ ਸੁਹਣਾ ਤੇ ਮੋਟਾ ਹੋਵੇ।

(iii) ਮੁੱਢਲੀਆਂ ਸ਼੍ਰੇਣੀਆਂ ਲਈ ਜਿਲਦ ਮਜ਼ਬੂਤ ਤੇ ਰੰਗੀਨ ਹੋਣੀ ਚਾਹੀਦੀ ਹੈ।

(iv) ਅੱਖਰਾਂ ਦਾ ਆਕਾਰ, ਵਿਦਿਆਰਥੀਆਂ ਦੀ ਉਮਰ ਦੇ ਅਨੁਸਾਰ ਹੋਣਾ ਚਾਹੀਦਾ ਹੈ।

(v) ਪੁਸਤਕ ਦਾ ਆਕਾਰ ਦਰਮਿਆਨਾ ਹੋਣਾ ਚਾਹੀਦਾ ਹੈ। ਪਹਿਲੀ ਸ਼੍ਰੇਣੀ ਲਈ ਆਕਾਰ ਵੱਡਾ ਵੀ ਹੋ ਸਕਦਾ ਹੈ।

(vi) ਬੱਚੇ, ਚਿੱਤਰਾਂ ਵੱਲ ਆਕਰਸ਼ਿਤ ਹੁੰਦੇ ਹਨ। ਪਹਿਲੀ ਸ਼੍ਰੇਣੀ ਦੀ ਭਾਸ਼ਾ ਪਾਠ-ਪੁਸਤਕ, ਰੰਗੀਨ ਚਿੱਤਰਾਂ ਨਾਲ ਭਰੀ ਹੋਣੀ ਚਾਹੀਦੀ ਹੈ। ਮਿਡਲ ਸ਼੍ਰੇਣੀਆਂ ਵਿਚ ਰੰਗੀਨ ਚਿੱਤਰਾਂ ਦੀ ਕੋਈ ਲੋੜ ਨਹੀਂ ਹੁੰਦੀ। ਉੱਚ ਸ਼੍ਰੇਣੀਆਂ ਵਿਚ ਕਵੀਆਂ ਤੇ ਲੇਖਕਾਂ ਦੇ ਚਿੱਤਰ, ਪ੍ਰਾਕ੍ਰਿਤਕ ਚਿੱਤਰ, ਮਾਨ ਚਿੱਤਰ ਆਦਿ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਇਸ ਪ੍ਰਕਾਰ ਜੇਕਰ ਪਾਠ-ਪੁਸਤਕਾਂ ਦੀ ਵਿਸ਼ਾ ਸਮੱਗਰੀ ਤੋਂ ਬੱਚਿਆਂ ਦਾ ਚਰਿੱਤਰ ਨਿਰਮਾਣ ਹੋ ਸਕੇ, ਉਹਨਾਂ ਵਿੱਚ ਦੇਸ਼ ਪ੍ਰੇਮ ਅਤੇ ਵਿਸ਼ਵ ਪ੍ਰੇਮ ਦੀ ਭਾਵਨਾ ਜਾਗਰਿਤ ਕੀਤੀ ਜਾ ਸਕੇ, ਉਨ੍ਹਾਂ ਦੀ ਸ਼ਖਸ਼ੀਅਤ ਦਾ ਸੰਪੂਰਨ ਵਿਕਾਸ ਹੋ ਸਕੇ ਅਤੇ ਉਹਨਾਂ ਨੂੰ ਅਸਲ ਵਿੱਚ ਵਧੀਆ ਨਾਗਰਿਕ ਬਣਾਇਆ ਜਾ ਸਕੇ ਤਾਂ ਹੀ ਉਨ੍ਹਾਂ ਨੂੰ ਚੰਗੀਆਂ ਪਾਠ-ਪੁਸਤਕਾਂ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰਾ ਕਰਨ ਵਾਲੀ ਪੁਸਤਕ ਹੀ ਇਹ ਚੰਗੀ ਪੁਸਤਕ ਕਹਾਉਂਦੀ ਹੈ।

### 2.1.7 ਸਾਰ :

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪਾਠ-ਪੁਸਤਕ ਆਪਣੇ ਆਪ ਵਿੱਚ ਕੋਈ ਬੁਰੀ ਵਸਤੂ ਨਹੀਂ ਹੈ। ਭਾਸ਼ਾ ਸਿੱਖਿਆ ਵਿੱਚ ਭਾਸ਼ਾ ਤੇ ਸ਼ਬਦਾਵਲੀ ਦਾ ਪੱਧਰ ਨਿਸ਼ਚਿਤ ਕਰਨ, ਗਿਆਨ ਦਾ ਪੱਧਰ ਨਿਸ਼ਚਿਤ ਕਰਨ, ਅਧਿਆਪਕਾਂ ਤੇ ਮਾਪਿਆਂ ਸਾਹਮਣੇ ਨਿਸ਼ਾਨੇ ਮਿੱਥਣਾ, ਵਿਦਿਆਰਥੀਆਂ ਵਿੱਚ ਪੜ੍ਹਨ ਤੇ ਅਭਿਆਸ ਦੇ ਵਧੇਰੇ ਮੌਕੇ ਪ੍ਰਦਾਨ ਕਰਨ, ਮੌਲਿਕ ਚਿੰਤਨ ਲਈ ਪ੍ਰੇਰਨਾ ਦੇਣ ਲਈ ਪਾਠ ਪੁਸਤਕਾਂ ਬਹੁਤ ਸਹਾਇਤਾ ਕਰਦੀਆਂ ਹਨ। ਸਾਡੀ ਸਿੱਖਿਆ ਪ੍ਰਣਾਲੀ ਨੂੰ ਇਹਨਾਂ ਦੀ ਬਹੁਤ ਜ਼ਰੂਰਤ ਹੈ ਭਾਰਤ ਵਰਗੇ ਗਰੀਬ ਦੇਸ਼ ਵਿੱਚ ਪਾਠ-ਪੁਸਤਕ ਸਿੱਖਿਆ ਦਾ ਫੈਲਾਅ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਸਿੱਖਿਆ ਦਾ ਸਸਤਾ ਤੇ ਵਧੀਆ ਸਾਧਨ ਹੈ। ਲੋੜ ਸਿਰਫ ਇਸ ਗੱਲ ਦੀ ਹੈ ਕਿ ਪਾਠ-ਪੁਸਤਕਾਂ ਦਾ ਨਿਰਮਾਣ

ਸਾਵਧਾਨੀ ਨਾਲ ਕੀਤੀ ਜਾਵੇ। ਬੱਚਿਆਂ ਦੀ ਲੋੜ ਤੇ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖਿਆ ਜਾਵੇ। ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਦੁਆਰਾ ਪਾਠ-ਪੁਸਤਕਾਂ ਦੇ ਨਿਰਮਾਣ ਸਮੇਂ, ਸੰਬੰਧਿਤ ਖੇਤਰਾਂ ਵਿੱਚੋਂ ਵਿਸ਼ੇਸ਼ਗ ਤੇ ਅਧਿਆਪਕਾਂ ਦਾ ਸਹਿਯੋਗ ਲਿਆ ਜਾਵੇ। ਸਮੇਂ-ਸਮੇਂ ਤੇ ਪਾਠ-ਪੁਸਤਕਾਂ ਦੇ ਵਿਸ਼ੇ ਵਸਤੂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾਵੇ। ਸਿੱਖਿਆ ਇੱਕ ਗਤੀਸ਼ੀਲ ਪ੍ਰਕਿਰਿਆ ਹੈ ਇਸ ਦੇ ਉਦੇਸ਼ ਤੇ ਨਿਸ਼ਾਨੇ ਸਮੇਂ ਦੇ ਨਾਲ-ਨਾਲ ਬਦਲਦੇ ਰਹਿੰਦੇ ਹਨ। ਪਾਠ-ਪੁਸਤਕ ਦੀ ਵਰਤੋਂ ਕਰਦੇ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਪਾਠ-ਪੁਸਤਕ ਭਾਸ਼ਾ ਸਿੱਖਿਆ ਦਾ ਇੱਕ ਸਹਾਇਕ ਸਾਧਨ ਹੀ ਹੈ, ਉਦੇਸ਼ਾਂ ਦੀ ਪ੍ਰਾਪਤੀ ਲਈ ਅਧਿਆਪਕਾ ਨੂੰ ਪਾਠ-ਪੁਸਤਕ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

## 2.1.8 ਅਭਿਆਸੀ ਪ੍ਰਸ਼ਨ :

(1) ਪਾਠ-ਪੁਸਤਕ ਤੋਂ ਕੀ ਭਾਵ ਹੈ ?

(2) ਪਾਠ-ਪੁਸਤਕ ਲੰਗੜੇ ਅਧਿਆਪਕ ਦੀ ਡੰਗੋਰੀ ਹੁੰਦਾ ਹੈ? ਸਪੱਸ਼ਟ ਕਰੋ।

(3) ਮਾਤ-ਭਾਸ਼ਾ ਵਿਚ ਪਾਠ-ਪੁਸਤਕਾਂ ਦਾ ਕੀ ਸਥਾਨ ਹੈ ?

(4) ਮਾਤ-ਭਾਸ਼ਾ ਦੀਆਂ ਪਾਠ-ਪੁਸਤਕਾਂ ਵਿਚ ਕੀ ਕਮੀਆਂ ਹਨ ਅਤੇ ਇਨ੍ਹਾਂ ਨੂੰ ਤੁਸੀਂ ਕਿਵੇਂ ਸੁਧਾਰੋਗੇ ?

(5) ਚੰਗੀ ਪਾਠ ਪੁਸਤਕ ਵਿੱਚ ਕੀ ਕੀ ਗੁਣ ਹੋਣੇ ਚਾਹੀਦੇ ਹਨ? ਵੇਰਵਾ ਦਿਓ।

(6) ਬੱਚਿਆਂ ਅੰਦਰ ਪੜ੍ਹਨ ਰੁਚੀਆਂ ਨੂੰ ਕਿਵੇਂ ਉਤੇਜਿਤ ਕਰੋਗੇ ?

## 2.1.9 ਅਭਿਆਸੀ ਪੁਸਤਕਾਂ

1. ਇੰਦਰ ਦੇਵ ਨੰਦਰਾ : ਆਧੁਨਿਕ ਪੰਜਾਬੀ ਅਧਿਆਪਨ

2. ਡਾ. ਜਸਵੰਤ ਸਿੰਘ ਜਸ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ

3. ਡਾ. ਰਘੂਨਾਥ ਸਫਾਇਆ : ਮਾਤ-ਭਾਸ਼ਾ ਦੀ ਸਿੱਖਿਆ

*ਪਾਠ ਨੰ: 2.2* *ਲੇਖਕ : ਅਵਤਾਰ ਸਿੰਘ ਧਾਲੀਵਾਲ*

# ਚੰਗੇ ਅਧਿਆਪਕ ਦੇ ਗੁਣ

2.2.0 ਪਾਠ ਦਾ ਢਾਂਚਾ

2.2.1 ਪਾਠ ਦੇ ਉਦੇਸ਼

2.2.2 ਜਾਣ ਪਛਾਣ

2.2.3 ਅਧਿਆਪਕ ਦੇ ਸਧਾਰਣ ਗੁਣ

2.2.4 ਅਧਿਆਪਕ ਦੇ ਵਿਸ਼ੇਸ਼ ਗੁਣ

2.2.5 ਅਧਿਆਪਕ ਦੀ ਭੂਮਿਕਾ

2.2.6 ਸਾਰ

2.2.7 ਸੁਝਾਏ ਪ੍ਰਸ਼ਨ

2.2.8 ਪੁਸਤਕ ਸੂਚੀ

## 2.2.1 ਪਾਠ ਦੇ ਉਦੇਸ਼ :

(ੳ) ਵਿਦਿਆਰਥੀ ਇਹ ਪਾਠ ਪੜ੍ਹਣ ਤੋਂ ਬਾਅਦ ਚੰਗੇ ਅਧਿਆਪਕ ਦੇ ਆਮ ਗੁਣ ਸਮਝਣ ਦੇ ਯੋਗ ਹੋ ਜਾਣਗੇ।

(ਅ) ਵਿਦਿਆਰਥੀ ਇਹ ਪਾਠ ਪੜ੍ਹਣ ਤੋਂ ਬਾਅਦ ਇੱਕ ਚੰਗੇ ਅਧਿਆਪਕ ਦੇ ਵਿਸ਼ੇਸ਼ ਗੁਣ ਸਮਝਣ ਦੇ ਯੋਗ ਹੋ ਜਾਣਗੇ।

(ੲ) ਵਿਦਿਆਰਥੀ ਪਾਠ ਪੜ੍ਹਣ ਤੋਂ ਬਾਅਦ ਇੱਕ ਅਧਿਆਪਕ ਦੀ ਭੂਮਿਕਾ ਸਮਝ ਸਕਣਗੇ।

## 2.2.2 ਜਾਣ ਪਛਾਣ :

ਸਾਡੇ ਵਿਦਿਅਕ ਢਾਂਚੇ ਵਿਚ ਅੱਜ ਅਧਿਆਪਕ ਦਾ ਯੋਗਦਾਨ ਇੱਕ ਸਾਧਾਰਨ ਕਰਿੰਦੇ ਵਾਲਾ ਹੈ। ਅਧਿਆਪਕ, ਸਰਕਾਰ ਦਾ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਕਿਸੇ ਮੈਨੇਜਮੈਂਟ ਦਾ ਜਾਂ ਧਨ ਕਮਾਉਣ ਲਈ ਖੋਲੇ ਗਏ ਦੁਕਾਨ ਨੁਮਾ ''ਪਬਲਿਕ ਸਕੂਲ'' ਦਾ ਮੁਲਾਜ਼ਮ ਹੈ। ਵਿਦਿਅਕ ਮਾਮਲਿਆਂ ਸੰਬੰਧੀ ਫੈਸਲੇ ਲੈਣ ਵਿਚ ਉਹ ਭਾਈਵਾਲ ਨਹੀਂ। ਉਹ ਤਾਂ ਕੀਤੇ ਗਏ ਫੈਸਲਿਆਂ ਉਪਰ ਅਮਲ ਕਰਨ ਵਾਲਾ ਇਕ ਕਰਮਚਾਰੀ ਹੈ।

ਇਸ ਪ੍ਰਸੰਗ ਵਿਚ ਇੱਕ ਚੰਗੇ ਅਧਿਆਪਕ ਦੇ ਕੀ ਗੁਣ ਹੋਣੇ ਚਾਹੀਦੇ ਹਨ? ਇਹ ਇੱਕ ਦਿਲਚਸਪ ਤੇ ਆਪਾ ਜਾਨਣ ਲਈ ਪ੍ਰੇਰਨਾ ਦੇਣ ਵਾਲਾ ਵਿਸ਼ਾ ਹੈ। ਇਥੇ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ। ਹਰ ਅਧਿਆਪਕ ਦੇ ਗੁਣ ਉਸਦੇ ਆਪਣੇ ਸ਼ਾਖਸ਼ੀ ਹੁੰਦੇ ਹਨ। ਜਿਹਨਾਂ ਬਾਰੇ ਇਥੇ ਕੁਝ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

ਭਾਰਤ ਦੀ ਕੌਮੀ ਵਿਦਿਅਕ ਨੀਤੀ (1986) ਵਿਚ ਕਿਹਾ ਗਿਆ ਹੈ। ''ਅਧਿਆਪਕ ਦਾ ਦਰਜਾ ਉਸ ਸਮਾਜ ਦੀ ਸਮਾਜੀ ਸਭਿਆਚਾਰਕ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ ਜਿਸਦਾ ਉਹ ਇਕ ਅੰਗ ਜਾਂ ਮੈਂਬਰ ਹੈ। ਅਧਿਆਪਕ ਤੋਂ ਉੱਪਰ ਕੋਈ ਵਿਅਕਤੀ ਨਹੀਂ। ਸਰਕਾਰ ਅਤੇ ਭਾਈਚਾਰੇ ਵੱਲੋਂ ਅਜਿਹੀਆਂ ਹਾਲਤਾਂ ਪੈਦਾ ਕਰਨ ਲਈ ਜਤਨ ਕੀਤੇ ਜਾਣੇ ਚਾਹੀਦੇ ਹਨ ਜੋ, ਅਧਿਆਪਕਾਂ ਨੂੰ ਰਚਨਾਤਮਕ ਤੇ ਸਿਰਜਣਾਤਮਕ ਲੀਹਾਂ ਉਪਰ ਤੁਰਨ ਲਈ ਪ੍ਰੇਰਤ ਕਰਨ। ਅਧਿਆਪਕ ਨੂੰ ਨਵੀਆਂ ਸੰਬੰਧਤ ਸਰਗਰਮੀਆਂ ਵਿਚ ਹਿੱਸਾ ਲੈਣ ਦੀ ਆਜ਼ਾਦੀ ਹੋਵੇ।''

1947 ਤੋਂ ਅੱਜ ਤੱਕ ਅਨੇਕਾਂ ਕਮੇਟੀਆਂ ਅਤੇ ਸਿੱਖਿਆ ਕਮਸ਼ਿਨਾਂ ਨੇ ਵੀ ਅਧਿਆਪਕ ਦਾ ਮਾਨ-ਸਨਮਾਨ ਤੇ ਦਰਜਾ ਵਧਾਉਣ ਦੀਆਂ ਗੱਲਾਂ ਕੀਤੀਆਂ ਹਨ। ਪਰ ਨੇੜਿਉਂ ਦੇਖਿਆਂ ਉਪਰੋਕਤ ਨਾਲੋਂ ਵੱਖਰੀ ਕਿਸਮ ਦੀ ਤਸਵੀਰ ਨਜ਼ਰ ਆਉਂਦੀ ਹੈ। ਇਹ ਗੱਲਾਂ, ਰਿਪੋਰਟਾਂ, ਦਸਤਾਵੇਜ਼ਾਂ ਫਾਈਲਾਂ ਦਾ ਹਿੱਸਾ ਹੀ ਬਣੀਆਂ ਰਹੀਆਂ ਹਨ। ਅਮਲ ਕਿਤੇ ਟਾਵਾਂ ਟਾਵਾਂ ਹੀ ਹੋਇਆ ਹੈ। ਇਸ ਪਿਛੋਕੜ ਵਿਚ ਪੰਜਾਬੀ ਅਧਿਆਪਕ ਨੂੰ ਆਪਣਾ ਦਰਜਾ, ਮਾਨ ਤੇ ਸਨਮਾਨ ਸਥਾਪਤ ਕਰਨ ਲਈ ਖੁਦ ਹੀ ਜੂਝਣਾ ਪੈਣਾ ਹੈ। ਪਰ ਇਸ ਜੂਝਣ ਤੋਂ ਪਹਿਲਾਂ ਉਹ ਆਪਣੇ ਅੰਦਰ ਝਾਤ ਮਾਰ ਕੇ ਵੇਖੇ ਕਿ ਉਹ ਖੁਦ ਕੀ ਹੈ? ਇਹਨਾਂ ਸੁਆਲਾਂ ਵੱਲ ਧਿਆਨ ਦੇ ਕੇ ਹੀ ਉਪਰੋਕਤ ਤਸਵੀਰ ਦਾ ਰੁੱਖ ਪਲਟਾਉਣ ਲਈ ਜਤਨ ਕਰ ਸਕਦਾ ਹੈ।

ਪਿਛਲੇ ਵਰ੍ਹਿਆਂ ਵਿਚ ਸਮੁੱਚੇ ਤੌਰ ਤੇ ਸਿੱਖਿਆ ਦੇ ਖੇਤਰ ਵਿੱਚ ਪ੍ਰਗਤੀ ਸੁਧਾਰ ਤੇ ਨਵੀਨਤਾ ਲਿਆਉਣ ਲਈ ਸਰਕਾਰੀ ਤੇ ਗੈਰ-ਸਰਕਾਰੀ ਪੱਧਰਾਂ ਤੇ ਜਤਨ ਕੀਤੇ ਜਾਂਦੇ ਰਹੇ ਹਨ ਪਰ ਫਿਰ ਵੀ ਪ੍ਰਾਪਤੀਆਂ ਤਸੱਲੀਬਖਸ਼ ਨਹੀਂ ਹਨ। ਭਾਵੇਂ ਪਿੰਡ ਪਿੰਡ ਸਕੂਲ ਖੁੱਲ ਗਏ ਹਨ। ਗਿਣਤੀ ਦੇ ਪੱਖੋਂ ਚੋਖਾ ਵਾਧਾ ਹੋਇਆ ਹੈ ਪਰ ਗੁਣਤਾ ਦੇ ਪੱਖੋਂ ਕੋਈ ਮੱਲ ਨਹੀਂ ਮਾਰੀ। ਪੰਜਾਬੀ ਭਾਸ਼ਾ ਦੀ ਸਿੱਖਿਆ ਜਾਂ ਪੱਧਰ ਉਚੇਰਾ ਕਰਨ ਤੇ ਪੰਜਾਬੀ ਅਧਿਆਪਕ ਦੀ ਦਸ਼ਾ ਸੁਧਾਰਨ ਲਈ ਸਾਰੇ ਹੰਭਲੇ ਆਟੇ ਵਿਚ ਲੂਣ ਮਾਤਰ ਹਨ।

ਅਜੋਕੇ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਮਾਂ ਬੋਲੀ ਦੇ ਰੂਪ ਵਿਚ ਪੜ੍ਹਾਈ ਜਾਂਦੀ ਹੈ। (ਕੁਝ ਵੱਡੇ ਸ਼ਹਿਰਾਂ ਦੇ ਅਤੇ ਅਖੌਤੀ ਪਬਲਿਕ ਸਕੂਲਾਂ ਨੂੰ ਛੱਡ ਕੇ) ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਕੇਵਲ ਪੰਜਾਬੀ ਅਧਿਆਪਕ ਨਹੀਂ ਹੁੰਦੇ ਪਰ ਪੰਜਾਬੀ ਅਧਿਆਪਕ ਦੀ ਜ਼ਿੰਮੇਵਾਰੀ ਉਹਨਾਂ ਦੀ ਹੀ ਹੁੰਦੀ ਹੈ। ਉਹਨਾਂ ਦਾ ਪੰਜਾਬੀ ਭਾਸ਼ਾ ਦਾ ਗਿਆਨ, ਮੈਟ੍ਰਿਕ ਪੱਧਰ ਅਤੇ +2 ਪੱਧਰ (ਹੁਣ) ਤੱਕ ਦਾ ਹੁੰਦਾ ਹੈ। ਮਿਡਲ ਅਤੇ ਸਕੈਂਡਰੀ ਸਕੂਲ ਵਿਚ ਪੰਜਾਬੀ ਅਧਿਆਪਕ (ਗਿਆਨੀ ਅਤੇ ਓਟੀ ਪਾਸ) ਅਤੇ ਪੰਜਾਬੀ ਮਾਸਟਰ (ਬੀ.ਏ., ਬੀ.ਐਡ. ਹਨ) +2 ਸ਼੍ਰੇਣੀਆਂ ਲਈ ਪੰਜਾਬੀ ਲੈਕਚਰਾਰ ਹਨ ਜੋ ਪੰਜਾਬੀ ਵਿਸ਼ੇ ਦੀ ਐਮ.ਏ. ਪਾਸ ਹਨ ਅਤੇ ਉਹਨਾ ਨੇ ਬੀ.ਐਡ. ਵੀ ਕੀਤੀ ਹੋਈ ਹੁੰਦੀ ਹੈ। ਜਦ ਅਸੀਂ ਚੰਗੇ ਪੰਜਾਬੀ ਅਧਿਆਪਕ ਦੇ ਗੁਣਾਂ ਦੀ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਇਹਨਾਂ ਸਾਰੇ ਅਧਿਆਪਕਾਂ ਦੀ ਗੱਲ ਕਰਨ ਤੋਂ ਹੈ।

ਸਿੱਖਿਆ ਪ੍ਰਾਪਤ ਕਰਨ ਲਈ ਬੱਚੇ ਦੇ ਸਕੂਲਾਂ ਵਿਚ ਬਿਤਾਏ ਗਏ ਵਰ੍ਹੇ ਬਹੁਤ ਮਹੱਤਵ-ਪੂਰਨ ਹੁੰਦੇ ਹਨ। ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਦੂਹਰੀ ਜ਼ਿੰਮੇਵਾਰੀ ਹੁੰਦੀ ਹੈ। ਇੱਕ ਤਾਂ ਉਹਨਾਂ ਨੇ ਪੰਜਾਬੀ ਨੂੰ ਮਾਂ ਬੋਲੀ ਜਾਂ ਸੁਤੰਤਰ ਵਿਸ਼ੇ ਦੇ ਰੂਪ ਵਿਚ ਪੜਾਉਣਾ ਹੁੰਦਾ ਹੈ ਦੂਜੇ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਹੁੰਦਾ ਹੈ ਕਿ ਉਹ ਪੰਜਾਬੀ ਦੇ ਮਾਧਿਅਮ ਰਾਹੀਂ ਦੂਜੇ ਵਿਸ਼ਿਆਂ ਵਿਚ ਲੋੜੀਂਦੀ ਸਫਲਤਾ ਹਾਸਲ ਕਰ ਸਕਣ। ਆਮ ਤੌਰ ਤੇ ਇਹ ਜ਼ਿੰਮੇਵਾਰੀ ਸਾਡੇ ਅਧਿਆਪਕ ਨਹੀਂ ਨਿਭਾ ਰਹੇ।

ਵਿਦਿਅਕ ਸੰਸਥਾਵਾਂ ਵਿੱਚ ਅਧਿਆਪਕ ਵੱਲੋਂ ਕੀਤੇ ਹਰ ਕੰਮ, ਨਿਭਾਈ ਹਰ ਜ਼ਿੰਮੇਵਾਰੀ ਅਤੇ ਬੋਲੇ ਹਰ ਸ਼ਬਦ ਦੀ ਵਿਦਿਆਰਥੀਆਂ ਦੀ ਸਖਸ਼ੀਅਤ ਉਪਰ ਗਹਿਰੀ ਛਾਪ ਲਗਦੀ ਹੈ। ਇੱਕ ਅਧਿਆਪਕ ਚੰਗਾ, ਸਫਲ ਤੇ ਹਰਮਨ ਪਿਆਰਾ ਹੋਵੇ-ਇਹ ਉਸਦੀ ਕੰਮ ਕਰਨ ਦੀ ਵਿਧੀ, ਲਗਨ, ਸਖਸ਼ੀਅਤ ਅਤੇ ਵਿਵਹਾਰ ਉਪਰ ਨਿਰਭਰ ਕਰਦਾ ਹੈ।

ਰੋਜ਼ਾਨਾ ਜੀਵਨ ਵਿੱਚ, ਸਕੂਲਾਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਅਕਸਰ ਪੜ੍ਹਨ ਸੁਣਨ ਨੂੰ ਬੜਾ ਕੁਝ ਮਿਲਦਾ ਹੈ ਜਿਸ ਤੋਂ ਅਧਿਆਪਕ ਦੀ ਸ਼ਖਸ਼ੀਅਤ ਤੇ ਵਤੀਰੇ ਬਾਰੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਅਧਿਆਪਕ ਬਾਰੇ

ਜੋ ਮਾਣ ਮੱਤੀ ਤਸਵੀਰ ਹੈ ਉਸ ਵਿਚ ਤੇੜ ਨਹੀਂ ਆਉਣੀ ਚਾਹੀਦੀ। ਅਧਿਆਪਕ ਨੂੰ ਕੰਨੀਆਂ ਬੋਚ ਕੇ ਵਿਚਰਨ ਦੀ ਲੋੜ ਸਦਾ ਬਣੀ ਰਹਿੰਦੀ ਹੈ। ਸੰਚਾਰ ਮੀਡੀਏ ਦੇ ਇਸ ਦੌਰ ਵਿਚ ਅਧਿਆਪਕ ਤੋਂ ਜੇ ਕੋਈ ਕੋਤਾਹੀ ਹੋ ਜਾਵੇ ਤਾਂ ਉਹ ਉਸੇ ਦਿਨ ਸ਼ਾਮ ਪੈਣ ਤਕ ਅਨੇਕ ਘਰਾਂ ਵਿਚ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ।

ਸਕੂਲਾਂ ਵਿੱਚ ਅਧਿਆਪਕ ਉਹਨਾਂ ਨੂੰ ਕੰਨ ਫੜਾ ਕੇ ਚਪੇੜਾ, ਬੈਂਤਾਂ ਜਾਂ ਡੰਡਿਆਂ ਨਾਲ ਕਈ ਤਰ੍ਹਾਂ ਦੀ ਸਰੀਰਕ ਸਜ਼ਾਵਾਂ ਦੇ ਕੇ 'ਸੁਧਾਰਨ' ਦਾ ਜਤਨ ਕਰਦੇ ਹਨ। ਅਜਿਹੇ ਅਧਿਆਪਕਾਂ ਪਾਸੋਂ ਅਸੀਂ ਹੋਣਹਾਰ ਕੌਮ ਦੀ ਸਿਰਜਣਾ ਦੀ ਕਿਵੇਂ ਆਸ ਕਰ ਸਕਦੇ ਹਾਂ? ਅਜਿਹੇ ਅਧਿਆਪਕਾਂ ਨੂੰ ਅਧਿਆਪਕ ਕਹਿਣਾ ਹੀ ਵੱਡਾ ਗੁਨਾਹ ਹੈ ਤੇ ਅਜਿਹਿਆਂ ਗੱਲਾਂ ਲਈ ਸਕੂਲਾਂ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ।

ਇਥੇ ਹੀ ਬੱਸ ਨਹੀਂ, ਕਿਸੇ ਅਧਿਆਪਕ ਦਾ ਸਧਾਰਨ ਜ਼ਿੰਦਰਗੀ ਪ੍ਰਤੀ ਕੀ ਰਵੱਈਆ ਹੈ ? ਕੰਮ ਪ੍ਰਤੀ ਕੀ ਦ੍ਰਿਸ਼ਟੀਕੋਣ ਹੈ? ਉਹ ਕਿੰਨਾ ਕੁ ਬੁੱਧੀਮਾਨ ਹੈ? ਉਸਦੇ ਸ਼ੌਕ ਕਿਹੋ-ਜਿਹੇ ਹਨ? ਆਦਿ ਸੁਆਲ ਉਸਦੀ ਸ਼ਖਸ਼ੀਅਤ ਦੇ ਜ਼ਰੂਰੀ ਪੱਖਾਂ ਨੂੰ ਉਜਾਗਰ ਕਰਦੇ ਹਨ।

ਵਿਸ਼ਾ ਅਧਿਆਪਕ ਨੇ ਕੇਵਲ ਵਿਸ਼ੇ ਦਾ ਗਿਆਨ ਹੀ ਨਹੀਂ ਦੇਣਾ ਹੁੰਦਾ ਸਗੋਂ ਵਿਦਿਆਰਥੀਆਂ ਦੀਆਂ ਸੂਹਜ ਭਾਵਨਾਵਾਂ ਦਾ ਵਿਕਾਸ ਵੀ ਕਰਨਾ ਹੁੰਦਾ ਹੈ ਅਤੇ ਉਸ ਨੂੰ ਬੋਲਣ ਤੇ ਲਿਖਣ ਦੇ ਚੱਜਾਂ ਵਿਚ ਨਿਪੁੰਨ ਬਣਾਉਣਾ ਹੁੰਦਾ ਹੈ। ਕਈ ਭਾਸ਼ਾਵਾਂ ਦੀ ਵਰਤੋਂ ਕਰਨ ਦੇ ਸਮਰਥ ਬਨਾਉਣਾ ਹੁੰਦਾ ਹੈ।

ਉਂਜ ਤਾਂ ਸਕੂਲਾਂ ਵਿੱਚ ਸਿਖਲਾਈ ਪ੍ਰਾਪਤ ਵਿਅਕਤੀਆਂ ਨੂੰ ਹੀ ਅਧਿਆਪਕਾਂ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਪਰ ਵਿਦਿਅਕ ਖੇਤਰ ਅਤੇ ਵਿਸ਼ੇਸ਼ ਕਰਕੇ ਵਿਚਾਰਧਾਰਕ, ਮਨੋਵਿਗਿਆਨਕ ਤੇ ਅਧਿਆਪਨ ਸਮੱਗਰੀ ਤੇ ਵਿਧੀਆਂ ਦੇ ਖੇਤਰਾਂ ਵਿਚ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ ਤੇ ਤਜਰਬੇ ਕੀਤੇ ਜਾ ਰਹੇ ਹਨ। ਅਧਿਆਪਕ ਨੂੰ ਇਹਨਾਂ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ਸਿੱਖਿਆ ਵਿਭਾਗ ਵਲੋਂ ਸੇਵਾ ਦੌਰਾਨ ਸਿੱਖਿਆ ਅਧੀਨ ਲਗਾਏ ਜਾਂਦੇ ਸੈਮੀਨਾਰਾਂ, ਵਰਕਸ਼ਾਪਾਂ ਤੇ ਕੋਰਸਾਂ ਵਿਚ ਭਾਗ ਲੈਣਾ ਅਧਿਆਪਕ ਲਈ ਬੜਾ ਲਾਹੇਵੰਦ ਹੈ। ਅੱਜ ਕੱਲ ਪੱਤਰ-ਵਿਹਾਰ ਸਿੱਖਿਆ ਰਾਹੀਂ ਵੀ ਜੂਨੀਅਰ ਅਧਿਆਪਕਾਂ ਨੂੰ ਉਚੇਰੀ ਸਿੱਖਿਆ ਦੇਣ ਦੇ ਵਸੀਲੇ ਉਪਲਬਧ ਹਨ। ਅਧਿਆਪਕ ਨੂੰ ਇਹਨਾਂ ਸਹੂਲਤਾਂ ਦਾ ਲਾਭ ਉਠਾ ਕੇ ਆਪਣੀ ਵਿਵਸਾਇਕ ਯੋਗਤਾ ਵਿੱਚ ਵਾਧਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਟੈਗੋਰ ਦੀ ਇਸ ਕਥਨੀ ਅਨੁਸਾਰ ਪੂਰਾ ਉਤਰਿਆ ਜਾ ਸਕੇ ਕਿ ''ਇਕ ਬਲਦਾ ਹੋਇਆ ਦੀਵਾ ਹੀ ਦੂਜੇ ਨੂੰ ਬਾਲ ਸਕਦਾ ਹੈ'' ਉਵੇਂ ਹੀ ਇਕ ਖੁਦ ਸਿੱਖਿਆ ਹਾਸਲ ਕਰ ਰਿਹਾ ਅਧਿਆਪਕ ਵਿਦਿਆਰਥੀਆਂ ਨੂੰ ਸਿੱਖਿਆ ਪਰਦਾਨ ਕਰ ਸਕਦਾ ਹੈ।

ਇਕ ਨੇਤਾ ਅਤੇ ਅਧਿਆਪਕ ਵਿੱਚ ਬਹੁਤ ਥੋੜਾ ਅੰਤਰ ਹੁੰਦਾ ਹੈ ਦੋਹਾਂ ਵਿਚ ਕੁਝ ਗੁਣ ਉਘੜਵੇਂ ਰੂਪ ਵਿਚ ਸਾਂਝੇ ਹੁੰਦੇ ਹਨ। ਇਕ ਚੰਗੇ ਅਧਿਆਪਕ ਨੇ ਚੰਗੇ ਨੇਤਾ ਦੀ ਤਰ੍ਹਾਂ ਆਪਣੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਅਜਿਹਾ ਕਰਨ ਲਈ ਉਸ ਵਿਚ ਪਹਿਲ ਕਦਮ, ਸਾਵਧਾਨੀ ਤੇ ਵਿਦਿਆਰਥੀਆਂ ਨੂੰ ਸਮਝਣ ਦੀ ਸ਼ਕਤੀ (ਸਿੱਖਿਆ ਮਨੋਵਿਗਿਆਨ ਦਾ ਗਿਆਨ) ਦੇ ਗੁਣ ਹੋਣੇ ਚਾਹੀਦੇ ਹਨ। ਉਸ ਵਿਚ ਨਿਰਣਾ ਕਰਨ ਵਾਲੇ ਸੁੱਘੜ ਜੱਜ ਦੇ ਗੁਣ ਮੌਜੂਦ ਹੋਣ, ਕਿਉਂਕਿ ਅਧਿਆਪਕ ਦੀ ਰਾਇ ਵਿਦਿਆਰਥੀਆਂ ਲਈ ਬੜਾ ਮਹੱਤਵ ਰੱਖਦੀ ਹੈ। ਬਸ਼ਰਤੇ ਕਿ ਅਜਿਹੀ ਰਾਇ ਬਿਨਾਂ ਕਿਸੇ ਪੱਖਪਾਤ ਦੇ ਉਲਾਰ ਤੋਂ ਹੋਵੇ। ਅਜਿਹੀ ਰਾਇ ਪ੍ਰਗਟ ਕਰਨ ਵਾਲਾ ਅਧਿਆਪਕ ਦਲੇਰ ਤੇ ਦ੍ਰਿੜਤਾ ਦਾ ਮਾਲਕ ਹੋਵੇਗਾ ਤੇ ਵਿਦਿਆਰਥੀ ਅਜਿਹੇ ਅਧਿਆਪਕ ਦੀ ਸਭ ਤੋਂ ਵੱਧ ਕਦਰ ਕਰਦੇ ਹਨ।

**2.2.3 ਅਧਿਆਪਕ ਦੇ ਸਾਧਾਰਣ ਗੁਣ:** ਕਿਸੇ ਵੀ ਅਧਿਆਪਕ ਵਿੱਚ, ਸਭ ਤੋਂ ਪਹਿਲਾਂ ਉਹ ਸਾਰੇ ਗੁਣ ਹੋਣੇ ਚਾਹੀਦੇ ਹਨ ਜੋ ਇਕ ਸਫਲ ਵਿਅਕਤੀ ਵਿਚ ਹੁੰਦੇ ਹਨ। ਉਨ੍ਹਾਂ ਵਿਚ ਹੇਠ ਲਿਖੇ ਗੁਣ ਆਉਂਦੇ ਹਨ :

**1. ਸ਼ਖਸ਼ੀਅਤ :** ਅਧਿਆਪਕ ਦੀ ਸ਼ਖਸ਼ੀਅਤ ਦਾ ਵਿਦਿਆਰਥੀਆਂ ਉਤੇ ਪੂਰਾ ਪ੍ਰਭਾਵ ਪੈਂਦਾ ਹੈ। ਉਸ ਦੀ ਸ਼ਖਸ਼ੀਅਤ ਅਜੇਹੀ ਹੋਣੀ ਚਾਹੀਦੀ ਹੈ ਕਿ ਵਿਦਿਆਰਥੀ ਉਸ ਤੋਂ ਪ੍ਰਭਾਵਿਤ ਹੋਣ ਤੇ ਉਸ ਦੇ ਕੰਮਾਂ ਤੇ ਗੁਣਾਂ ਦੀ ਨਕਲ ਕਰਨ। ਸ਼ਖਸ਼ੀਅਤ ਵਿਚ ਬਾਹਰੀ ਤੇ ਅੰਦਰੂਨੀ ਦੋਵੇਂ ਪ੍ਰਕਾਰ ਦੇ ਗੁਣ ਆਉਂਦੇ ਹਨ :-

1. ਸਰੀਰਕ ਸਿਹਤ, ਚਾਲ ਢਾਲ ਤੇ ਚੁਸਤੀ।

2. ਮਾਨਸਿਕ ਤੇ ਬੋਧਿਕ ਦ੍ਰਿਸ਼ਟੀ ਤੋਂ ਤੇਜ ਬੁੱਧੀ, ਅਧਿਐਨ ਵੱਲ ਰੁਚੀ, ਨਿਰੀਖਣ-ਸ਼ਕਤੀ, ਹੌਸਲਾ, ਧੀਰਜ, ਪ੍ਰਸੰਨਤਾ ਅਤੇ ਮਾਨਸਿਕ ਸੰਤੁਲਨ।

3. ਨੈਤਿਕ ਗੁਣ; ਚੰਗਾ ਵਿਵਹਾਰ, ਸ਼ੁੱਧ-ਉਚਾਰਣ, ਚੰਗਾ ਆਚਰਣ, ਹਮਦਰਦੀ ਤੇ ਹੋਰ ਸਦਾਚਾਰਕ ਗੁਣ।

**2. ਸਿੱਖਿਆ ਤੇ ਉਪਾਧੀਆਂ :** ਦੂਸਰੇ ਅਧਿਆਪਕਾਂ ਦੀ ਤਰ੍ਹਾਂ, ਅਧਿਆਪਕ ਨੂੰ ਲੋੜੀਂਦੀਆਂ ਯੋਗਤਾਵਾਂ ਅਤੇ ਯੂਨੀਵਰਸਿਟੀਆਂ ਤੋਂ ਉਪਾਧੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਅਧਿਆਪਕ ਯੋਗ ਸਿਖਲਾਈ ਪ੍ਰਾਪਤ ਹੋਣਾ ਚਾਹੀਦਾ ਹੈ।

**3. ਸਹਿਪਾਠੀ ਕ੍ਰਿਆਵਾਂ :** ਵਿਦਿਅਕ ਯੋਗਤਾ ਤੋਂ ਇਲਾਵਾ ਭਾਸ਼ਾ-ਅਧਿਆਪਕ, ਸਹਿਪਾਠੀ ਕ੍ਰਿਆਵਾਂ ਦੇ ਸੰਚਾਲਨ ਵਿੱਚ ਵੀ ਮਾਹਰ ਹੋਣਾ ਚਾਹੀਦਾ ਹੈ। ਸਾਹਿਤਕ ਸਰਗਰਮੀਆਂ ਵਿੱਚ ਭਾਸ਼ਾ-ਅਧਿਆਪਕ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਜ ਸੇਵਾ ਦੇ ਕੰਮਾਂ ਵਿਚ, ਉਸ ਨੂੰ ਦਿਲਚਸਪੀ ਹੋਣੀ ਚਾਹੀਦੀ ਹੈ। ਉਹ ਸਹਿਪਾਠੀ-ਕ੍ਰਿਆਵਾਂ ਦੇ ਪ੍ਰਬੰਧ ਤੇ ਸੰਗਠਨ ਦੇ ਸਮਰੱਥ ਹੋਣਾ ਚਾਹੀਦਾ ਹੈ।

**4. ਸਿਖਲਾਈ :** ਕੋਈ ਵੀ ਅਧਿਆਪਕ ਯੋਗ ਸਿਖਲਾਈ ਦੇ ਬਿਨਾਂ ਆਪਣਾ ਕੰਮ ਕੁਸ਼ਲਤਾ ਪੂਰਵਕ ਨਹੀਂ ਕਰ ਸਕਦਾ। ਜਾਹਨ ਲਾਕ ਅਨੁਸਾਰ ਜੋ ''ਪੜਾਉਣ ਦਾ ਢੰਗ ਜਾਣਦਾ ਹੈ। ਉਹ ਕੀ ਸਿੱਖਿਆ ਦਾ ਗੁਪਤ ਭੇਦ ਵੀ ਜਾਣਦਾ ਹੈ।'' ਇਹ ਭਾਸ਼ਾ ਅਧਿਆਪਕ ਲਈ ਵੀ ਪੂਰੀ ਤਰ੍ਹਾਂ ਸੱਚ ਹੈ। ਉਸਨੂੰ ਉਪਕਰਣਾਂ ਜਾਂ ਕਾਗਜ਼ ਵਰਗੇ ਨਿਰਜੀਵ ਪਦਾਰਥਾਂ ਦੇ ਨਾਲ਼-ਨਾਲ਼ ਸਜੀਵ ਤੇ ਨਾਜ਼ੁਕ ਬੱਚਿਆਂ ਤੇ ਸਮਾਜ ਦੇ ਵਿਅਕਤੀਆਂ ਨਾਲ਼ ਵੀ ਕੰਮ ਕਰਨਾ ਪੈਂਦਾ ਹੈ। ਸਿਖਲਾਈ ਉਸ ਨੂੰ ਸਿੱਖਿਆ ਦੇ ਸਿਧਾਂਤਾਂ ਤੇ ਵਿਵਹਾਰਕ ਪ੍ਰਯੋਗ ਦਾ ਗਿਆਨ ਪ੍ਰਦਾਨ ਕਰਦੀ ਹੈ।

**5. ਅਧਿਐਨ ਅਨੁਭਵ :** ਸਿਖਲਾਈ ਦੇ ਨਾਲ਼-ਨਾਲ਼ ਸਿੱਖਿਆ ਦੇ ਖੇਤਰ ਵਿੱਚ ਪੜ੍ਹਾਉਣ ਦੇ ਤਜਰਬੇ ਦੀ ਆਪਣੀ ਥਾਂ ਹੈ। ਅਧਿਐਨ ਦਾ ਆਧਾਰ ਅਨੁਭਵ ਹੈ। ਚੰਗਾ ਅਧਿਆਪਕ ਉਹ ਹੈ ਜੋ ਜਿਗਿਆਸਾ ਤੇ ਚੇਤੰਨਤਾ ਨਾਲ, ਜਨ-ਜੀਵਨ ਤੇ ਅਧਿਐਨ ਦਾ ਵੱਧ ਤੋਂ ਵੱਧ ਅਨੁਭਵ ਪ੍ਰਾਪਤ ਕਰੇ।

**6. ਬਾਲ-ਮਨੋਵਿਗਿਆਨ :** ਬਾਲ-ਮਨੋਵਿਗਿਆਨ ਦਾ ਸਿੱਖਿਆ ਦੇ ਖੇਤਰ ਵਿੱਚ ਇੱਕ ਮਹੱਤਵਪੂਰਣ ਸਥਾਨ ਹੈ। ਉਸ ਦੇ ਬੱਚੇ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਤੇ ਦੋਸ਼ਾਂ ਨੂੰ ਦੂਰ ਕਰਨ ਦੇ ਢੰਗ, ਮਨੋਵਿਗਿਆਨ ਤੇ ਆਧਾਰਿਤ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਵਿਚਲੀ ਵਿਅਕਤੀਗਤ ਭਿੰਨਤਾ ਦਾ ਮੁਖ ਕਾਰਨ ਮਨੋਵਿਗਿਆਨਕ ਹੁੰਦਾ ਹੈ। ਬੱਚੇ ਦੀ ਸਿੱਖਿਆ ਬਾਲ-ਕੇਂਦਰਿਤ ਹੋਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਧਿਆਪਕ ਬੱਚੇ ਦੀਆਂ ਮਾਨਸਿਕ ਪ੍ਰਵਿਰਤੀਆਂ, ਰੁਚੀਆਂ ਤੇ ਲੋੜਾਂ ਆਦਿ ਬਾਰੇ ਜਾਨਣ, ਇਸ ਸਭ ਲਈ ਬਾਲ-ਮਨੋਵਿਗਿਆਨ ਦਾ ਗਿਆਨ ਜ਼ਰੂਰੀ ਹੈ।

**2.2.4 ਅਧਿਆਪਕ ਦੇ ਵਿਸ਼ੇਸ਼ ਗੁਣ :** ਅਧਿਆਪਕ ਆਪਣੇ ਵਿਸ਼ੇ ਦੇ ਮਾਧਿਅਮ ਨਾਲ ਗਿਆਨ ਪ੍ਰਾਪਤ ਕਰਨ ਤੇ ਸਾਹਿਤ ਨੂੰ ਮਾਨਣ ਦੇ ਯੋਗ ਬਣਾਉਣਾ ਹੁੰਦਾ ਹੈ। ਇਨ੍ਹਾਂ ਵਿਸ਼ੇਸ਼ ਕੰਮਾਂ ਦੀ ਪੂਰਤੀ ਲਈ ਉਸ ਵਿਚ ਉਪਰੋਕਤ ਸਾਧਾਰਣ ਗੁਣਾਂ ਤੋਂ ਇਲਾਵਾ ਹੇਠ ਲਿਖੇ ਵਿਸ਼ੇ ਸੰਬੰਧੀ ਵਿਸ਼ੇਸ਼ ਗੁਣ ਵੀ ਹੋਣੇ ਚਾਹੀਦੇ ਹਨ।

**1. ਭਾਸ਼ਾ ਉੱਤੇ ਅਧਿਕਾਰ :** ਕੋਈ ਵੀ ਵਿਸ਼ਾ ਪੜ੍ਹਾਉਣ ਲਈ ਅਧਿਆਪਕ ਦਾ ਭਾਸ਼ਾ ਉੱਤੇ ਅਧਿਕਾਰ ਹੋਣਾ ਜ਼ਰੂਰੀ ਹੈ। ਅਧਿਆਪਕ ਦਾ ਆਪਣਾ ਉਚਾਰਣ ਸ਼ੁੱਧ ਤੇ ਬੋਲਚਾਲ ਵਿਚ ਪ੍ਰਵਾਹ ਹੋਣਾ ਚਾਹੀਦਾ ਹੈ। ਕੋਈ ਵੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਬਾਰੇ ਗਿਆਨ ਹੋਣਾ ਚਾਹੀਦਾ ਹੈ। ਉਹ ਲੋੜੀਂਦੀ ਭਾਸ਼ਾ ਦੇ ਬੋਲਣ, ਪੜ੍ਹਨ ਤੇ ਲਿਖਣ ਵਿਚ ਮਾਹਰ ਹੋਣਾ ਚਾਹੀਦਾ ਹੈ।

**2. ਸਹਿਤ ਦਾ ਗਿਆਨ :** ਹਰੇਕ ਵਿਸ਼ੇ ਦਾ ਆਪਣਾ ਇੱਕ ਸੁੰਦਰ ਤੇ ਪਾਇਦਾਰ ਸਾਹਿਤ ਹੈ। ਕੋਈ ਵੀ ਵਿਸ਼ਾ ਪੜ੍ਹਾਉਂਦੇ ਸਮੇਂ ਅਧਿਆਪਕ ਨੇ ਉਸ ਵਿਸ਼ੇ ਦਾ ਪੰਜਾਬੀ ਸਾਹਿਤ ਵੀ ਪੜਾਉਣਾ ਹੁੰਦਾ ਹੈ। ਇਸ ਲਈ ਉਸ ਨੂੰ ਸਾਹਿਤ ਦਾ ਗਿਆਨ ਹੋਣਾ ਚਾਹੀਦਾ ਹੈ। ਉਸ ਨੂੰ ਸਾਹਿਤ ਦੀਆਂ ਭਿੰਨ ਭਿੰਨ ਪ੍ਰਵਿਰਤੀਆਂ, ਕਵੀਆਂ ਤੇ ਗੱਦਕਾਰਾਂ ਦੀਆਂ ਜੀਵਨੀਆਂ ਤੇ ਉਨ੍ਹਾਂ ਦੀਆਂ ਰਚਨਾਵਾਂ, ਸ਼ੈਲੀਆਂ ਆਦਿ ਦੀ ਪੂਰੀ ਜਾਣ-ਪਛਾਣ ਹੋਣੀ ਚਾਹੀਦੀ ਹੈ।

3. **ਸੱਭਿਆਚਾਰ ਦਾ ਗਿਆਨ :** ਭਾਸ਼ਾ ਤੇ ਸਾਹਿਤ ਦੇ ਗਿਆਨ ਉਪਰੰਤ ਅਧਿਆਪਕ ਨੂੰ ਦੇਸ਼ ਦੇ ਸਭਿਆਚਾਰ ਬਾਰੇ ਵੀ ਪੂਰਾ-ਪੂਰਾ ਗਿਆਨ ਹੋਣਾ ਚਾਹੀਦਾ ਹੈ। ਉਸ ਨੂੰ ਲੋਕਾਂ ਦੀ ਰਹਿਣੀ-ਬਹਿਣੀ, ਆਦਤਾਂ ਰਸਮੋਂ-ਰਿਵਾਜ਼ ਤੇ ਪ੍ਰਭਾਵਾਂ ਆਦਿ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਜਾਣਕਾਰੀ ਦੇ ਆਧਾਰ ਉੱਤੇ ਇੱਥੋਂ ਦੇ ਜੀਵਨ ਤੇ ਵਾਤਾਵਰਣ ਨਾਲ ਜੋੜ ਕੇ ਇਸ ਦੀ ਯੋਗ ਤੇ ਸਹੀ ਸਿੱਖਿਆ ਪ੍ਰਦਾਨ ਕਰ ਸਕਦਾ ਹੈ।

4. **ਸਿੱਖਿਆ-ਵਿਧੀਆਂ ਦਾ ਗਿਆਨ :** ਸਿੱਖਿਆ ਨੂੰ ਕੁਸ਼ਲ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਧਿਆਪਕ ਨੂੰ ਭਿੰਨ-ਭਿੰਨ ਵਿਧੀਆਂ ਦੇ ਪ੍ਰਯੋਗ ਦੀ ਲੋੜ ਪੈਂਦੀ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੇ ਕਿ ਕਿਸ ਪਾਠ ਜਾਂ ਸਾਹਿਤ ਰੂਪ ਦੇ ਪੜ੍ਹਾਉਣ ਲਈ ਕਿਹੜੀ ਵਿਧੀ ਉਪਯੋਗੀ ਹੋਵੇਗੀ। ਭਾਸ਼ਾ ਦੇ ਖੇਤਰ ਵਿੱਚ ਹੋ ਰਹੀਆਂ ਨਿੱਤ ਨਵੀਆਂ ਖੋਜਾਂ ਤੇ ਤਕਨੀਕਾਂ ਬਾਰੇ ਉਸ ਨੂੰ ਗਿਆਨ ਹੋਣਾ ਚਾਹੀਦਾ ਹੈ।

5. **ਸਾਹਿਤਕ ਰੁਚੀ ਤੇ ਪ੍ਰਗਟਾਅ :** ਰੁਚੀ ਤੇ ਯੋਗਤਾ ਇਕੋ ਸਿੱਕੇ ਦੇ ਦੋ ਪਾਸੇ ਹਨ। ਇਸ ਲਈ ਚੰਗਾ ਅਧਿਆਪਕ ਉਹੀ ਬਣ ਸਕਦਾ ਹੈ ਜੋ ਸਾਹਿਤਕ ਰੁਚੀਆਂ ਰੱਖਦਾ ਹੋਵੇ। ਸਕੂਲ ਵਿਚ ਬਾਲ-ਸਭਾ, ਕਵੀ-ਦਰਬਾਰ, ਨਾਟਕ ਆਦਿ ਕ੍ਰਿਆਵਾਂ ਵਿਚ ਸਾਹਿਤ ਪ੍ਰੇਮੀ ਅਧਿਆਪਕ ਹੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।

6. **ਅਧਿਆਪਕ ਦੇ ਫਰਜ਼ :** ਇਕ ਚੰਗੇ ਅਧਿਆਪਕ ਨੂੰ ਹੇਠ ਲਿਖੇ ਫਰਜ਼ ਤੇ ਜ਼ੁੰਮੇਵਾਰੀਆਂ ਵੀ ਨਿਭਾਉਣੀਆਂ ਚਾਹੀਦੀਆਂ ਹਨ :

1. ਪੜ੍ਹਾਉਣ ਤੋਂ ਪਹਿਲਾਂ ਵਿਸ਼ੇ-ਵਸਤੂ ਨੂੰ ਪੂਰੀ ਤਰ੍ਹਾ ਤਿਆਰ ਕਰਨਾ।
2. ਅਧਿਆਪਨ-ਕਾਰਜ ਦੀ ਯੋਜਨਾ ਬਨਾਉਣਾ।
3. ਸ਼੍ਰੇਣੀ ਵਿਚ ਠੀਕ ਵਿਧੀ ਤੇ ਰੂਪ ਵਿਚ ਪੜ੍ਹਾਉਣਾ।
4. ਵਿਦਿਆਰਥੀਆਂ ਵਿੱਚ ਵਿਸ਼ੇ ਪ੍ਰਤੀ ਪ੍ਰੇਮ ਉਤਪੰਨ ਕਰਨਾ।
5. ਦੇਖਣ-ਸੁਣਨ ਦੇ ਸਾਧਨਾਂ ਦੀ ਠੀਕ ਵਰਤੋਂ ਕਰਨੀ।
6. ਵਿਦਿਆਰਥੀਆਂ ਦੇ ਘਰ ਦੇ ਕੰਮ ਤੇ ਸ਼੍ਰੇਣੀ ਦੇ ਕੰਮ ਦੀ ਨਿਰੰਤਰ ਸੁਧਾਈ ਕਰਨਾ।
7. ਉਚਾਰਣ, ਲਿਖਾਈ, ਸ਼ਬਦ-ਜੋੜ, ਕਵਿਤਾ-ਪਾਠ ਤੇ ਵਿਆਕਰਣ ਦੀਆਂ ਗਲਤੀਆਂ ਦੂਰ ਕਰਕੇ ਅਭਿਆਸ ਕਰਾਉਣਾ।
8. ਹਰੇਕ ਵਿਦਿਆਰਥੀ ਵੱਲ ਵਿਅਕਤੀਗਤ ਧਿਆਨ ਦੇਣਾ।
9. ਵਾਦ-ਵਿਵਾਦ, ਬਾਲ-ਸਭਾ, ਭਾਸ਼ਣਾ ਦੇ ਹੋਰ ਸਹਿਪਾਠੀ ਕ੍ਰਿਆਵਾਂ ਦਾ ਪ੍ਰਬੰਧ ਕਰਨ।
10. ਸਮੇਂ ਸਮੇਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਜਾਂਚ ਕਰਨਾਂ ਤੇ ਮੁਲਾਂਕਣ ਦੇ ਆਧਾਰ ਤੇ ਉਨ੍ਹਾਂ ਦਾ ਰਿਕਾਰਡ ਰੱਖਣਾ।

## 2.2.5 ਅਧਿਆਪਕ ਦੀ ਭੂਮਿਕਾ :

ਅਧਿਆਪਕ ਸਿੱਖਿਆ ਦਾ ਇੱਕ ਅਹਿਮ ਸਤੰਭ ਹੈ। ਅਧਿਆਪਕ ਵਿਦਿਆਰਥੀ ਦੇ ਜੀਵਨ ਨੂੰ ਸੇਧ ਦਿੰਦਾ ਹੈ ਅਤੇ ਉਸਨੂੰ ਚੰਗਾ ਜੀਵਨ ਜਿਉਣ ਦੇ ਯੋਗ ਬਣਾਉਂਦਾ ਹੈ। ਅਧਿਆਪਕ ਦੀ ਵਿਦਿਆਰਥੀ ਜੀਵਨ ਵਿੱਚ ਭੂਮਿਕਾ ਹੇਠ ਦਿੱਤੇ ਅਨੁਸਾਰ ਹੈ।

1. **ਇੱਕ ਦੋਸਤ ਅਤੇ ਮਾਰਗਦਰਸ਼ਕ :** ਅਧਿਆਪਕ ਵਿਦਿਆਰਥੀ ਦਾ ਇੱਕ ਦੋਸਤ ਅਤੇ ਮਾਰਗਦਰਸ਼ਕ ਹੁੰਦਾ ਹੈ। ਅਧਿਆਪਕ ਵਿਦਿਆਰਥੀਆਂ ਲਈ ਅਜਿਹਾ ਮਾਹੌਲ ਸਿਰਜਦਾ ਹੈ ਜਿਸ ਵਿੱਚ ਵਿਦਿਆਰਥੀ ਭਾਵਨਾਤਮਿਕ ਤੌਰ ਤੇ ਸਥਿਰ ਮਹਿਸੂਸ ਕਰਦਾ ਹੈ। ਅਧਿਆਪਕ ਵਿਦਿਆਰਥੀ ਨੂੰ ਜ਼ਿੰਦਗੀ ਦੇ ਵੱਖਰੇ-ਵੱਖਰੇ ਪੜਾਵਾਂ ਤੇ ਮਾਰਗ ਦਰਸ਼ਨ ਕਰਦਾ ਹੈ।

2. **ਜਾਣਕਾਰੀ ਸ੍ਰੋਤ :** ਜਾਣਕਾਰੀ ਪ੍ਰਦਾਨ ਕਰਨਾ ਅਧਿਆਪਕ ਦਾ ਪਰੰਪਰਾਗਤ ਰੋਲ ਹੈ। ਅਧਿਆਪਕ ਵਿਦਿਆਰਥੀਆਂ ਨੂੰ ਉਹਨਾਂ ਦੀ ਲੋੜ ਅਤੇ ਯੋਗਤਾ ਅਨੁਸਾਰ ਗਿਆਨ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।

3. **ਰੋਲ ਮਾਡਲ :** ਅਧਿਆਪਕ ਵਿਦਿਆਰਥੀਆਂ ਦਾ ਰੋਲ ਮਾਡਲ ਹੁੰਦਾ ਹੈ। ਵਿਦਿਆਰਥੀ ਆਪਣੇ ਪਸੰਦੀਦਾ ਅਧਿਆਪਕ ਦੀ ਤਰ੍ਹਾਂ ਬਣਦੇ ਹਨ। ਇਥੇ ਅਧਿਆਪਕ ਦੀ ਜ਼ਿੰਮੇਵਾਰੀ ਆਪਣੇ ਆਪ ਨੂੰ ਇੱਕ ਚੰਗੇ ਨਮੂਨੇ ਵਜੋਂ ਪੇ ਸ਼ ਕਰਨਾ ਹੁੰਦਾ ਹੈ।

4. **ਅਸੈਸਮੈਂਟ ਕਰਤਾ :** ਵਿਦਿਆਰਥੀ ਜੀਵਨ ਵਿੱਚ ਅਧਿਆਪਕ ਦਾ ਇੱਕ ਰੋਲ ਨਿਰਧਾਰਿਤ ਕਰਤਾ ਦਾ ਵੀ ਹੁੰਦਾ ਹੈ। ਅਧਿਆਪਕ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਸਮੇਂ-ਸਮੇਂ ਸਿਰ ਨਿਰਧਾਰਿਤ ਕਰਕੇ ਫੀਡਬੈਕ ਪ੍ਰਦਾਨ ਕਰਦਾ ਹੈ।

5. **ਮਾਹਿਰ ਯੋਜਨਾ ਕਰਤਾ :** ਅਧਿਆਪਕ ਇੱਕ ਮਾਹਿਰ ਯੋਜਨਾ ਬਣਾਉਣ ਲਈ ਵੀ ਜਾਣਿਆ ਜਾਂਦਾ ਹੈ। ਇੱਕ ਅਧਿਆਪਕ ਵਿਦਿਆਰਥੀਆਂ ਦੇ ਵਿਵਹਾਰ ਪਰਿਵਰਤਨ ਲਈ ਪੂਰੇ ਸਾਲ ਦੀਆਂ ਯੋਜਨਾਵਾਂ ਬਣਾਉਣਾ ਅਤੇ ਲਾਗੂ ਕਰਦਾ ਹੈ।

6. **ਸਮਾਜ ਸੁਧਾਰਕ :** ਅਧਿਆਪਕ ਆਪਣੇ ਕਿੱਤੇ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਦੇ ਨਾਲ-ਨਾਲ ਸਮਾਜ ਸੁਧਾਰਕ ਦਾ ਕੰਮ ਵੀ ਕਰਦਾ ਹੈ। ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਦੇ ਨਾਲ-ਨਾਲ ਸਮਾਜਿਕ ਮਸਲਿਆਂ ਪ੍ਰਤੀ ਜਾਗਰੂਕ ਵੀ ਕਰਦਾ ਹੈ।

7. **ਰਾਸ਼ਟਰ ਨਿਰਮਾਣਕਰਤਾ :** ਅਧਿਆਪਕ ਰਾਸ਼ਟਰ ਦਾ ਨਿਰਮਾਤਾ ਹੁੰਦਾ ਹੈ ਅਧਿਆਪਕ ਅਨੇਕਾਂ ਅਧਿਆਪਕ, ਡਾਕਟਰ, ਇੰਜੀਨੀਅਰ, ਵਕੀਲ ਅਤੇ ਸਮਾਜ ਸੁਧਾਰਕ ਬਣਾ ਕੇ ਰਾਸ਼ਟਰ ਦੇ ਵਿਕਾਸ ਲਈ ਸਮਾਜ ਵਿੱਚ ਭੇਜਦਾ ਹੈ।

### 2.2.6 ਸਾਰ :

ਇਸ ਪ੍ਰਕਾਰ ਅਧਿਆਪਨ ਪ੍ਰਤੀ ਪੂਰਨ ਵਿਸਵਾਸ਼ ਤੇ ਲਗਨ ਅਧਿਆਪਕ ਦੇ ਪ੍ਰਮੁੱਖ ਗੁਣ ਹਨ। ਬਾਕੀ ਸਾਰੇ ਗੁਣ ਇਨ੍ਹਾਂ ਉਪਰ ਹੀ ਆਧਾਰਿਤ ਹਨ।

ਉਪਰ ਵਿਚਾਰੀਆਂ ਇਹਨਾਂ ਗੱਲਾਂ ਤੋਂ ਇਲਾਵਾ ਕੁਝ ਨੁਕਤੇ ਵਿਸ਼ੇਸ਼ ਤੌਰ ਤੇ ਪੰਜਾਬੀ ਅਧਿਆਪਕ ਦੇ ਸੁਭਾਅ ਵਿਚ ਹੋਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

- ਅਧਿਆਪਕ ਵਿਚ ਕਦੀ ਵੀ ਹੀਣਤਾ ਭਾਵ ਨਹੀਂ ਆਉਣਾ ਚਾਹੀਦਾ ਅਤੇ ਉਸ ਦੇ ਸੰਬੰਧ ਆਪਣੇ ਸਾਥੀਆਂ ਤੇ ਮੁੱਖੀਆਂ ਨਾਲ ਉਸਾਰੂ ਤੇ ਸੁਖਾਵੇਂ ਹੋਣੇ ਚਾਹੀਦੇ ਹਨ।
- ਅਧਿਆਪਕ ਨੂੰ ਸਮਾਜ ਵਿਚ ਆਪਣਾ ਰੁਤਬਾ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਕੰਮ ਲਈ ਉਸ ਨੂੰ ਸਮਾਜ ਤੇ ਭਾਈਚਾਰੇ ਨਾਲ ਨਿੱਜੀ ਸਾਂਝ ਬਣਾ ਕੇ ਰੱਖਣੀ ਚਾਹੀਦੀ ਹੈ।
- ਵਿਦਿਅਕ ਮਾਹਰਾਂ ਤੇ ਅਧਿਕਾਰੀਆਂ ਨਾਲ ਸੁਚੱਜਾ ਤਾਲਮੇਲ ਰੱਖਣਾ ਚਾਹੀਦਾ ਹੈ।
- ਅਧਿਆਪਕ ਜਿਨਾਂ ਖੁਦ ਅਨੁਸਾਸ਼ਨ ਵਿਚ ਰਹੇਗਾ ਉਨ੍ਹਾਂ ਹੀ ਉਸਦੇ ਵਿਦਿਆਰਥੀ ਅਨੁਸਾਸ਼ਨ ਦੀ ਕਦਰ ਕਰਨ ਵਾਲੇ ਹੋਣਗੇ।
- ਅਧਿਆਪਕ ਸਿਰਜਨਾਤਮਕ ਰੁਚੀਆਂ ਦਾ ਮਾਲਕ ਹੋਣਾ ਚਾਹੀਦਾ ਹੈ।
- ਅਧਿਆਪਕ ਇੱਕ ਚੰਗਾ ਬੁਲਾਰਾ ਹੋਵੇ ਤੇ ਉਸਦਾ ਉਚਾਰਨ ਸ਼ੁੱਧ ਹੋਵੇ। ਉਹ ਉਚਿੱਤ ਭਾਸ਼ਾ ਦੀ ਵਰਤੋਂ ਕਰੇ ਤੇ ਆਪਣੇ ਸ਼ਬਦ-ਭੰਡਾਰ ਵਿੱਚ ਆਏ ਦਿਨ ਵਾਧਾ ਕਰਨ ਲਈ ਯਤਨਸ਼ੀਲ ਰਹੇ।

## 2.2.7 ਸੁਝਾਏ ਪ੍ਰਸ਼ਨ

(1) ਇਕ ਚੰਗੇ ਅਧਿਆਪਕ ਦੀ ਸ਼ਖਸ਼ੀਅਤ ਕਿਹੋ ਜਿਹੀ ਹੋਵੇ ?

(2) ਇਕ ਚੰਗੇ ਅਧਿਆਪਕ ਦੀ ਵਿਦਿਅਕਯੋਗਤਾ ਕੀ ਹੋਣੀ ਚਾਹੀਦੀ ਹੈ ?

(3) ਇਕ ਚੰਗੇ ਅਧਿਆਪਕ ਵਿਚੱ ਕਿਹੜੇ-2 ਗੁਣ ਹੋਣੇ ਚਾਹੀਦੇ ਹਨ।

(4) ਇੱਕ ਚੰਗਾ ਅਧਿਆਪਕ ਵਿਦਿਆਰਥੀ ਜੀਵਨ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ।

## 2.2.8 ਪੁਸਤਕ ਸੂਚੀ


(1) ਮਾਤਭਾਸ਼ਾ ਦੀ ਸਿੱਖਿਆ ਵਿਧੀ : ਡਾ. ਜਸਵੰਤ ਸਿੰਘ ਜਸ

(2) The Technique of Language : F. Billows

(3) ਆਧੁਨਿਕ ਅਧਿਆਪਨ ਅਭਿਆਸ ਅਤੇ ਤਕਨੀਕ : ਜੇ. ਐਚ. ਪੈਟਸਨ

**ਪਾਠ ਨੰ: 2.3**

**ਲੇਖਿਕਾ-ਸ੍ਰੀਮਤੀ ਮੀਨੂ ਰੋਹੀਲਾ**
**ਅਨੁਵਾਦਕ-ਗੁਰਕਿਰਪਾਲ ਸਿੰਘ**

# ਪ੍ਰਯੋਗਸ਼ਾਲਾ: ਅਰਥ, ਮਹੱਤਤਾ, ਯੋਜਨਾਬੰਦੀ ਅਤੇ ਪ੍ਰਯੋਗਸ਼ਾਲਾ ਦੇ ਸਮਾਨ ਦਾ ਪ੍ਰਬੰਧਨ

## ਰੂਪ ਰੇਖਾ

2.3.1 ਪਾਠ ਦੇ ਉਦੇਸ਼
2.3.2 ਪ੍ਰਯੋਗਸ਼ਾਲਾ ਦਾ ਅਰਥ
2.3.3 ਪ੍ਰਯੋਗਸ਼ਾਲਾ ਕਾਰਜ ਦਾ ਮਹੱਤਵ
2.3.4 ਪ੍ਰਯੋਗਸ਼ਾਲਾ ਦੀ ਯੋਜਨਾਬੰਦੀ
    2.3.4.1 ਪ੍ਰਯੋਗਸ਼ਾਲਾ ਦੀ ਸਥਿਤੀ
    2.3.4.2 ਵਿਦਿਆਰਥੀ ਕਾਰਜ ਲਈ ਥਾਂ
    2.3.4.3 ਪ੍ਰਯੋਗਸ਼ਾਲਾ ਦੇ ਅੰਦਰ ਅਤੇ ਨਜ਼ਦੀਕ ਵਿਸ਼ੇਸ਼ ਖੇਤਰ ਅਤੇ ਆਲਾ-ਦੁਆਲਾ
    2.3.4.4 ਪ੍ਰਯੋਗਸ਼ਾਲਾ ਲਈ ਘੱਟੋ-ਘੱਟ ਬੁਨਿਆਦੀ ਸਹੂਲਤਾਂ
    2.3.4.5 ਪ੍ਰਯੋਗਸ਼ਾਲਾ ਦਾ ਕਾਰਜ ਪ੍ਰਬੰਧ (Administration)
2.3.5 ਪ੍ਰਯੋਗਸ਼ਾਲਾ ਦੇ ਸਾਮਾਨ ਦਾ ਪ੍ਰਬੰਧ
2.3.6 ਪਾਠ ਦਾ ਸਾਰ
2.3.7 ਸੁਝਾਏ ਗਏ ਪ੍ਰਸ਼ਨ
2.3.8 ਹਵਾਲੇ

## 2.3.1 ਪਾਠ ਦੇ ਉਦੇਸ਼

ਪਾਠ ਤੋਂ ਤੁਹਾਨੂੰ ਪ੍ਰਯੋਗਸ਼ਾਲਾ ਬਾਰੇ ਹੇਠ ਲਿਖੇ ਤੱਥਾਂ ਦੀ ਜਾਣਕਾਰੀ ਹੋ ਜਾਵੇਗੀ ਅਤੇ ਤੁਸੀਂ ਇਸ ਬਾਰੇ ਕੁਝ ਗੱਲਾਂ ਬਿਆਨ ਕਰਨ ਦੇ ਸਮਰੱਥ ਹੋ ਜਾਵੋਗੇ:

1. ਪ੍ਰਯੋਗਸ਼ਾਲਾ ਦੀ ਉਪਯੋਗਤਾ ਤੋਂ ਜਾਣੂ ਹੋ ਜਾਓਗੇ।
2. ਪ੍ਰਯੋਗਸ਼ਾਲਾ ਦੀ ਯੋਜਨਾਬੰਦੀ ਕਿਵੇਂ ਕੀਤੀ ਜਾਵੇ?

3. ਪ੍ਰਯੋਗਸ਼ਾਲਾ ਦੀ ਮਹੱਤਤਾ ਬਾਰੇ ਦੱਸ ਸਕੋਗੇ।
4. ਤੁਹਾਨੂੰ ਪ੍ਰਯੋਗਸ਼ਾਲਾ ਦੇ ਸਮਾਨ ਦੇ ਪ੍ਰਬੰਧਨ ਬਾਰੇ ਪਤਾ ਚੱਲ ਜਾਵੇਗਾ।

## 2.3.2 ਪ੍ਰਯੋਗਸ਼ਾਲਾ ਦਾ ਅਰਥ

ਪ੍ਰਯੋਗਸ਼ਾਲਾ ਵਿਦਿਆਰਥੀਆਂ ਵਿੱਚ ਇੱਛਿਤ, ਮਾਨਸਿਕ ਅਤੇ ਸਰੀਰਿਕ (Psychomotor) ਕੌਸ਼ਲਾਂ ਦੇ ਵਿਕਾਸ ਵਿੱਚ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸਿੱਖਿਆ ਵਿਦਵਾਨਾਂ ਅਨੁਸਾਰ, ਪ੍ਰਯੋਗਸ਼ਾਲਾ ਕਾਰਜ ਅਤੇ ਫੀਲਡ ਕਾਰਜ ਦੁਆਰਾ ਹਾਸਲ ਕੀਤੇ ਜਾਣ ਵਾਲੇ ਸਿਖਿਅਕ ਉਦੇਸ਼ਾਂ ਦੀ ਰੌਸ਼ਨੀ ਵਿਚ ਪ੍ਰਯੋਗਸ਼ਾਲਾ ਵਿਚਲੀਆਂ ਸਥਿਤੀਆਂ ਵਿਚ ਨਿਰੰਤਰ ਸੁਧਾਰ ਕਰਦੇ ਰਹਿਣਾ ਚਾਹੀਦਾ ਹੈ। ਪ੍ਰਯੋਗਸ਼ਾਲਾ ਕਾਰਜ, ਵਿਗਿਆਨ ਦੀ ਸਿੱਖਿਆ ਅਤੇ ਸਮੁੱਚੇ ਸਿੱਖਿਆ ਕਾਰਜਕ੍ਰਮ (program) ਦਾ ਅਨਿੱਖੜਵਾਂ ਅੰਗ ਹੈ। ਭਾਰਤ ਵਿਚ ਹੋਏ ਅਧਿਐਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤੀ ਸਕੂਲਾਂ ਵਿੱਚ ਪ੍ਰਯੋਗਸ਼ਾਲਾ ਦਾ ਬਹੁਤਾ ਕੰਮ ਵੱਡੇ ਕਮਰਿਆਂ ਵਿਚ ਹੀ ਕੀਤਾ ਜਾਂਦਾ ਹੈ ਜਦਕਿ ਬਹੁ-ਗਿਣਤੀ ਸਕੂਲ ਤਾਂ ਪ੍ਰਯੋਗਸ਼ਾਲਾ ਤੋਂ ਬਿਲਕੁਲ ਹੀ ਸੱਖਣੇ ਹਨ। ਭਾਰਤੀ ਸਕੂਲਾਂ ਅਤੇ ਕਾਲਜਾਂ ਦੀਆਂ ਪ੍ਰਯੋਗਸ਼ਾਲਾਵਾਂ ਦੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਭਰਪੂਰ ਕਲਪਨਾਸ਼ੀਲਤਾ ਅਤੇ ਸਮੱਸਿਆ ਸੁਲਝਾਊ ਤਰੀਕਿਆਂ ਦੀ ਵਰਤੋਂ ਨਾਲ਼ ਪ੍ਰਯੋਗਸ਼ਾਲਾ ਦੇ ਕਾਰਜ ਦੀ ਵਿਉਂਤਬੰਦੀ ਕੀਤੀ ਜਾਣੀ ਚਾਹੀਦੀ ਹੈ। ਪ੍ਰਯੋਗਸ਼ਾਲਾ ਇਕ ਅਜਿਹੀ ਥਾਂ ਹੈ ਜਿੱਥੇ ਵਿਦਿਆਰਥੀ ਔਜਾਰਾਂ (apparatuses) ਦੀ ਵਰਤੋਂ ਕਰਨ ਬਾਰੇ ਸਿੱਖਦੇ ਹਨ ਅਤੇ ਵਿਹਾਰਕ ਪ੍ਰੀਖਣ (practical observation) ਰਾਹੀਂ ਸੁਤੰਤਰ ਰੂਪ ਵਿਚ ਸੋਚਣਾ ਅਤੇ ਨਿਰਨਾ ਕਰਨਾ ਸਿੱਖਦੇ ਹਨ।

ਇਸ ਨਾਲ ਉਹਨਾਂ ਵਿੱਚ ਸੁਤੰਤਰ ਰੁਝਾਨ (independent attitude) ਅਤੇ ਸਵੈ-ਵਿਸ਼ਵਾਸ ਵਿਕਸਿਤ ਹੁੰਦਾ ਹੈ। ਪ੍ਰਯੋਗਸ਼ਾਲਾ 'ਕਰ ਕੇ ਸਿੱਖਣ' (learning by doing) ਦੇ ਸਿਧਾਂਤਕ ਪੱਖ ਤੋਂ ਵੀ ਅਹਿਮ ਹੈ ਜੋ ਕਿ ਸਭ ਸਿਧਾਂਤਾਂ ਵਿਚੋਂ ਵਿਗਿਆਨ ਦੀ ਪੜ੍ਹਾਈ ਲਈ ਵਧੇਰੇ ਅਰਥ ਭਰਪੂਰ ਮੰਨਿਆ ਗਿਆ ਹੈ। ਅਜਿਹਾ ਇਸ ਲਈ ਹੈ ਕਿਉਂਕਿ ਕਿਸੇ ਵਰਤੀ ਹੋਈ ਚੀਜ਼ ਦਾ ਸਾਡੇ ਮਨ ਉਪਰ ਮਹਿਜ ਦੂਰੋਂ ਵੇਖੀ ਹੋਈ ਚੀਜ਼ ਨਾਲੋਂ ਕਿਤੇ ਵੱਧ ਅਤੇ ਸਥਾਈ ਪ੍ਰਭਾਵ ਪੈਂਦਾ ਹੈ। ਜੇ ਵਿਦਿਆਰਥੀ ਨੂੰ ਉਹ ਚੀਜਾਂ, ਜਿਨ੍ਹਾਂ ਬਾਰੇ ਉਸ ਨੇ ਸਿਰਫ਼ ਕਿਤਾਬਾਂ ਵਿਚ ਪੜ੍ਹਿਆ ਹੀ ਹੋਵੇ, ਅਜਿਹੀਆਂ ਵਸਤਾਂ ਉਸ ਨੂੰ ਛੂਹਣ ਦਾ ਮੌਕਾ ਵੀ ਮਿਲ ਜਾਵੇ ਤਾਂ ਅਜਿਹਾ ਗਿਆਨ ਸਿਧਾਂਤ ਅਤੇ ਵਿਹਾਰ (Theory and Practice) ਦਾ ਸੁਮੇਲ ਬਣ ਜਾਂਦਾ ਹੈ ਅਤੇ ਸਥਾਈ (Permanant) ਹੋ ਜਾਂਦਾ ਹੈ। ਸਿਧਾਂਤਕ ਅਤੇ ਵਿਹਾਰਕ ਕੰਮ ਇਕ ਦੂਸਰੇ ਦੇ ਪੂਰਕ ਹੋਣੇ ਚਾਹੀਦੇ ਹਨ ਅਤੇ ਇਕ ਦੂਸਰੇ ਨਾਲ ਤਾਲਮੇਲ ਰੱਖ ਕੇ ਹੀ ਕਰਵਾਉਣੇ ਚਾਹੀਦੇ ਹਨ। 'ਪ੍ਰਯੋਗਸ਼ਾਲਾ ਅਜਿਹੀ ਥਾਂ ਹੈ ਜਿਥੇ ਅਨੁਭਵ ਅਰਥ ਦੀ ਭਾਲ ਕਰਦਾ ਹੈ।' ('Laboratory is a place for experience in search of meaning.') ਪ੍ਰਯੋਗਸ਼ਾਲਾ ਵਿਚ ਵਿਗਿਆਨ ਦੇ ਕਿਸੇ ਵਿਦਿਆਰਥੀ ਨੂੰ ਸੋਚਣ, ਪੜ੍ਹਨ, ਹਵਾਲਾ ਲੈਣ (Consult) ਕਰਨ ਅਤੇ ਪ੍ਰਯੋਗ ਕਰਨ (Experiment) ਦੇ ਕੌਸ਼ਲ ਸਿੱਖਣ ਨੂੰ ਮਿਲਦੇ ਹਨ।

## 2.3.3 ਪ੍ਰਯੋਗਸ਼ਾਲਾ ਕਾਰਜ ਦਾ ਮਹੱਤਵ

ਪ੍ਰਯੋਗਸ਼ਾਲਾ ਕਾਰਜ ਦੀ ਮਹੱਤਤਾ ਅਤੇ ਇਸ ਦੇ ਉਦੇਸ਼ ਹੇਠ ਲਿਖੇ ਹਨ:

1. ਜਮਾਤ ਕਮਰੇ ਵਿੱਚ ਪੜ੍ਹੇ ਸਿਧਾਂਤਕ ਵਿਗਿਆਨ ਨੂੰ ਪਰਖਣ (Verify) ਵਿੱਚ ਸਹਾਈ ਹੁੰਦੀ ਹੈ।

2. ਸੰਬੰਧਿਤ ਵਿਸ਼ੇ ਵਿਚ ਸੁਤੰਤਰ ਖੋਜ (ਕੰਮ) ਕਰਨ ਦੀ ਆਦਤ ਵਿਕਸਿਤ ਕਰਦੀ ਹੈ।
3. ਹਾਣੀਆਂ ਅਤੇ ਅਧਿਆਪਕਾਂ (ਨਿਗਰਾਨਾਂ) ਨਾਲ ਤਜ਼ਰਬਿਆਂ ਦੇ ਸਿੱਟਿਆਂ ਅਤੇ ਅਰਥਾਂ ਬਾਰੇ ਚਰਚਾ ਕਰਨ ਅਤੇ ਤਜ਼ਰਬੇ ਦੁਹਰਾਉਣ ਅਤੇ ਸੰਭਾਵੀ ਮਤਭੇਦਾਂ (contradictions) ਨੂੰ ਦੂਰ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।
4. ਵਿਸ਼ੇ ਵਿੱਚ ਰੁਚੀ ਪੈਦਾ ਕਰਨਾ।
5. ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ ਪ੍ਰੇਰਿਤ ਕਰਦੀ ਹੈ।
6. ਵਿਸ਼ਿਸ਼ਟ (Specific) ਔਜਾਰਾਂ ਅਤੇ ਸਾਮਾਨ ਵਰਤਣ ਦਾ ਸਲੀਕਾ ਵਿਕਸਿਤ ਕਰਦੀ ਹੈ।
7. ਨਿਰੀਖਣ (Observation) ਅਤੇ ਆਲੋਚਨਾਤਮਕ ਚਿੰਤਨ ਦੀ ਯੋਗਤਾ ਦਾ ਵਿਕਾਸ ਕਰਦੀ ਹੈ।
8. ਤਰਕ ਕਰਨ ਦੀ ਆਦਤ ਵਿਕਸਿਤ ਕਰਦੀ ਹੈ।
9. ਰੱਟਾ ਲਾਉਣ ਦੀ ਪ੍ਰਵਿਰਤੀ ਖਤਮ ਕਰਦੀ ਹੈ।
10. ਖੋਜ ਵਿਚ ਰੁਚੀ ਪੈਦਾ ਕਰਦੀ ਹੈ ।
11. ਵਿਸ਼ੇ ਦੇ ਸੰਬੰਧਿਤ ਸੰਕਲਪਾਂ ਦੀ ਸਪੱਸ਼ਟ ਸਮਝ ਵਿਕਸਿਤ ਕਰਦੀ ਹੈ।
12. ਕੁਦਰਤੀ ਵਰਤਾਰਿਆਂ (Natural Phenomenon) ਵਿੱਚ ਰੁਚੀ ਅਤੇ ਉਹਨਾਂ ਬਾਰੇ ਜਾਣਨ ਦੀ ਉਤਸੁਕਤਾ ਵਿਕਸਿਤ ਕਰਦੀ ਹੈ।
13. ਇਥੇ ਬੱਚੇ ਸਲੀਕੇ ਅਤੇ ਪੱਧਤੀ ਵਿਚ ਕੰਮ ਕਰਨਾ ਸਿੱਖਦੇ ਹਨ।
14. ਵਿਗਿਆਨਕ ਗਿਆਨ (scientific knowledge) ਦੇ ਵਿਕਾਸ ਵਿਚ ਭਰਪੂਰ ਮਾਤਰਾ ਵਿਚ ਪ੍ਰਯੋਗ ਨਾ ਕਰ ਸਕਣ ਦੀ ਵਜਾਹ ਕਰ ਕੇ ਆਉਣ ਵਾਲੀਆਂ ਰੁਕਾਵਟਾਂ ਨੂੰ ਸਮਝਾਉਣਾ।

## 2.3.4 ਪ੍ਰਯੋਗਸ਼ਾਲਾ ਦੀ ਯੋਜਨਾਬੰਦੀ

ਮਾਹਿਰਾਂ ਦੁਆਰਾ ਪ੍ਰਯੋਗਸ਼ਾਲਾ ਦੀ ਯੋਜਨਾਬੰਦੀ ਕਰਨ ਸਮੇਂ ਵੱਖ-ਵੱਖ ਗੱਲਾਂ ਦਾ ਧਿਆਨ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਕਿ ਪ੍ਰਯੋਗਸ਼ਾਲਾ ਨੂੰ ਲੈ ਕੇ ਕਿਸੇ ਖਾਸ ਸਮੇਂ ਤੇ ਨਿਰਧਾਰਿਤ ਕੀਤੇ ਗਏ ਵਿਦਿਅਕ ਉਦੇਸ਼ ਹਾਸਲ ਕੀਤੇ ਜਾ ਸਕਣ। ਇਹ ਅਹਿਮ ਤੱਥ ਹਨ—ਪ੍ਰਯੋਗਸ਼ਾਲਾ ਵਿਚ ਕੰਮ ਦਾ ਸਮਾਂ ਕੀ ਹੋਵੇਗਾ, ਸੰਸਥਾ ਵਿੱਚ ਉਹ ਕਿੱਥੇ ਸਥਿਤ ਹੋਵੇਗੀ, ਪ੍ਰਯੋਗਸ਼ਾਲਾ ਵਿਚ ਕੰਮ ਕਰਨ ਲਈ ਕਿੰਨੀ ਕੁ ਥਾਂ ਦੀ ਜ਼ਰੂਰਤ ਹੋਵੇਗੀ, ਵਿਦਿਆਰਥੀ (ਉਹਨਾਂ ਦੀ ਉਮਰ ਪ੍ਰਪੱਕਤਾ ਦਾ ਪੱਧਰ ਆਦਿ) ਪ੍ਰਯੋਗਸ਼ਾਲਾ ਦਾ ਆਲਾ-ਦੁਆਲਾ ਆਦਿ। ਇਹਨਾਂ ਦਾ ਸੰਖੇਪ ਵਰਨਣ ਅੱਗੇ ਕੀਤਾ ਜਾ ਰਿਹਾ ਹੈ:

### 2.3.4.1 ਪ੍ਰਯੋਗਸ਼ਾਲਾ ਦੀ ਸਥਿਤੀ (Location)

ਪ੍ਰਯੋਗਸ਼ਾਲਾ ਦੀ ਸਥਿਤੀ ਤੋਂ ਭਾਵ ਹੈ ਉਹ ਥਾਂ ਜਿੱਥੇ ਕਿ ਕਿਸੇ ਵਿੱਦਿਅਕ ਸੰਸਥਾ ਵਿਚ ਪ੍ਰਯੋਗਸ਼ਾਲਾ ਦਾ ਨਿਰਮਾਣ ਕੀਤਾ ਜਾਣਾ ਹੈ, ਕਿਹੋ ਜਿਹੀ ਹੈ। ਪ੍ਰਯੋਗਸ਼ਾਲਾ ਦਾ ਸਥਾਨ ਨਿਵੇਕਲਾ ਹੋਣਾ ਚਾਹੀਦਾ ਹੈ ਭਾਵ ਕਿ ਇਹ ਸੰਗੀਤ ਕਮਰੇ, ਜਿਮਨੇਜ਼ੀਅਮ, ਵਰਕਸ਼ਾਪ ਅਤੇ ਹੋਰ ਸ਼ੋਰ-ਸ਼ਰਾਬੇ ਦੇ ਕੇਂਦਰਾਂ ਤੋਂ ਦੂਰ ਹੋਣੀ ਚਾਹੀਦੀ ਹੈ ਤਾਂ ਕਿ ਇਥੇ ਕੰਮ ਕਰ ਰਹੇ ਵਿਦਿਆਰਥੀਆਂ ਦਾ ਧਿਆਨ ਭੰਗ ਨਾ ਹੋਵੇ। ਬਲਕਿ ਪ੍ਰਯੋਗਸ਼ਾਲਾ ਸੰਬੰਧਿਤ ਵਿਸ਼ੇ ਦੇ ਜਮਾਤ-ਕਮਰੇ ਦੇ ਨਾਲ ਹੀ ਜੁੜੀ ਹੋਵੇ ਅਤੇ ਗਰੀਨ ਹਾਊਸ ਅਤੇ ਸਟੋਰ

ਰੂਮ ਵੀ ਵਿਦਿਆਰਥੀਆਂ ਦੀ ਪਹੁੰਚ ਵਿਚ ਹੋਣ। ਪ੍ਰਯੋਗਸ਼ਾਲਾ ਵਿਚ ਕੰਮ ਕਰਨ ਤੋਂ ਪਹਿਲਾਂ ਤਿਆਰ ਹੋਣ ਵਾਲਾ ਕਮਰਾ ਵੀ ਇਸ ਦੇ ਨੇੜੇ ਹੀ ਬਣਿਆ ਹੋਣਾ ਚਾਹੀਦਾ ਹੈ।

### ਤਿਆਰੀ ਕਮਰਾ (Preparation Room)

ਇਹ ਇੱਕ ਛੋਟਾ ਜਿਹਾ ਕਮਰਾ ਹੋ ਸਕਦਾ ਹੈ ਜਿਥੇ ਕਿ ਕੋਈ ਨਵਾਂ ਪ੍ਰਯੋਗ ਕਰਨ ਤੋਂ ਪਹਿਲਾਂ ਲੋੜੀਂਦੇ ਔਜਾਰਾਂ (apparatus) ਨੂੰ ਤਰਤੀਬ ਦਿੱਤੀ ਜਾ ਸਕੇ ਤਾਂ ਕਿ ਇਹਨਾਂ ਔਜਾਰਾਂ ਨੂੰ ਲੋੜ ਪੈਣ 'ਤੇ ਲੈਕਚਰ ਰੂਮ ਅਤੇ ਪ੍ਰਯੋਗਸ਼ਾਲਾ ਵਿਚ ਵਰਤਿਆ ਜਾ ਸਕੇ। ਲਗਾਤਾਰ ਚੱਲਣ ਵਾਲੇ ਪ੍ਰਯੋਗਾਂ ਵਿੱਚ ਵਰਤੇ ਜਾਣ ਵਾਲੇ ਔਜਾਰ ਵੀ ਇਥੇ ਹੀ ਪਏ ਰਹਿਣ। ਇਸ ਕਮਰੇ ਵਿਚ ਕੋਈ ਅਧਿਆਪਕ ਜਾਂ ਪ੍ਰਯੋਗਸ਼ਾਲਾ ਸਹਾਇਕ (laboratory assistant) ਬਿਨਾਂ ਕਲਾਸ ਜਾਂ ਪ੍ਰਯੋਗ ਦੇ ਕੰਮ ਵਿਚ ਰੁਕਾਵਟ ਪਾਇਆਂ ਕੰਮ ਕਰ ਸਕਦਾ ਹੈ ਅਤੇ ਪ੍ਰਯੋਗਾਂ ਲਈ ਜ਼ਰੂਰੀ ਔਜਾਰ ਆਦਿ ਤਿਆਰ ਕਰ ਸਕਦਾ ਹੈ। ਇਸ ਕਮਰੇ ਵਿਚ ਹਰ ਤਰ੍ਹਾਂ ਦੀ ਸਹੂਲਤ ਹੋਣੀ ਚਾਹੀਦੀ ਹੈ ਜਿਵੇਂ ਬਿਜਲੀ, ਰੌਸ਼ਨੀ, ਗੈਸ, ਸਿੰਕ ਅਤੇ ਪ੍ਰਯੋਗਸ਼ਾਲਾ ਦੇ ਕਚਰੇ ਨੂੰ ਨਜਿੱਠਣ ਦਾ ਬੰਦੋਬਸਤ ਵੀ ਹੋਵੇ। ਇਸ ਕਮਰੇ ਵਿਚ ਬੈਂਚਾਂ, ਸ਼ੈਲਫਾਂ ਅਤੇ ਅਲਮਾਰੀਆਂ ਆਦਿ ਦਾ ਵੀ ਢੁੱਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ ਨਾਲ ਹੀ ਇਥੇ ਪ੍ਰਯੋਗਸ਼ਾਲਾ ਸਹਾਇਕ ਦੇ ਉਠਣ-ਬੈਠਣ ਲਈ ਵੀ ਢੁੱਕਵੀਂ ਥਾਂ ਹੋਣੀ ਚਾਹੀਦੀ ਹੈ ਜੋ ਕਿ ਪ੍ਰਯੋਗਸ਼ਾਲਾ ਦੇ ਪ੍ਰਬੰਧ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

### ਭਾਸ਼ਣ ਕਮਰਾ (Lecture Room)

ਆਮ ਕਰਕੇ ਇਸ ਵਿੱਚ ਇਕ ਵੱਡੇ ਚਾਕ-ਬੋਰਡ ਦੇ ਸਾਹਮਣੇ ਵੱਡਾ ਮੇਜ ਰੱਖਿਆ ਹੁੰਦਾ ਹੈ। ਇਸ ਮੇਜ ਦੀ ਵਰਤੋਂ ਕਰ ਕੇ ਅਧਿਆਪਕ ਅਗਲੇ ਪ੍ਰਯੋਗ ਬਾਰੇ ਵਿਦਿਆਰਥੀਆਂ ਨੂੰ ਸਮਝਾ ਸਕਦਾ ਹੈ। ਚਾਕ-ਬੋਰਡ ਦਾ ਅਕਾਰ 10'x4' ਹੋ ਸਕਦਾ ਹੈ ਜੋ ਕਿ ਫਰਸ਼ ਤੋਂ ਘੱਟੋ-ਘੱਟ ਤਿੰਨ ਕੁ ਫੁੱਟ ਉੱਚਾ ਲੱਗਿਆ ਹੋਵੇ। ਮੇਜ ਜਿਸ ਨੂੰ ਕਿ 'Demonstration Table' ਵੀ ਕਿਹਾ ਜਾਂਦਾ ਹੈ ਕਾਫ਼ੀ ਵੱਡਾ ਹੋਣਾ ਚਾਹੀਦਾ ਹੈ। ਇਸ ਮੇਜ ਦੇ ਦੁਆਲੇ ਪਏ ਸਟੂਲ ਨੀਵੇਂ ਅਤੇ ਜਿਵੇਂ-ਜਿਵੇਂ ਉਹ ਟੇਬਲ ਤੋਂ ਪਿੱਛੇ ਹਟਣ ਉਹਨਾਂ ਦੀ ਉਚਾਈ ਵਧੇ ਤਾਂ ਕਿ ਹਰ ਇੱਕ ਵਿਦਿਆਰਥੀ ਨੂੰ ਅਧਿਆਪਕ ਦੁਆਰਾ ਮੇਜ ਉਪਰ ਕੀਤਾ ਜਾ ਰਿਹਾ ਕੰਮ ਵਿਖਾਈ ਦੇ ਸਕੇ। ਚਾਕ-ਬੋਰਡ ਦੇ ਉਪਰ ਦੀ ਪ੍ਰੋਜੈਕਟਰ ਦੇ ਪਰਦੇ ਦੇ ਤੌਰ ਤੇ ਵਰਤਣ ਲਈ ਸਫੈਦ ਪਰਦਾ ਜੋ ਕਿ ਲੋੜ ਪੈਣ 'ਤੇ ਹੀ ਹੇਠਾਂ ਖਿੱਚਿਆ ਜਾ ਸਕੇ, ਹੋਣਾ ਚਾਹੀਦਾ ਹੈ। ਇਸ ਕਮਰੇ ਦੀਆਂ ਖਿੜਕੀਆਂ ਉਪਰ ਪਰਦੇ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ ਤਾਂ ਕਿ ਪ੍ਰੋਜੈਕਟਰ ਦੀ ਵਰਤੋਂ ਸਮੇਂ ਕਮਰੇ ਵਿਚ ਰੌਸ਼ਨੀ ਘੱਟ ਕੀਤੀ ਜਾ ਸਕੇ। ਇਸ ਕਮਰੇ ਦਾ ਖੇਤਰਫਲ 400 ਵਰਗ ਫੁੱਟ ਦੇ ਆਸ-ਪਾਸ ਹੋ ਸਕਦਾ ਹੈ।

### ਸਟੋਰ (Store Room)

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ ਇਸ ਕਮਰੇ ਦੀ ਵਰਤੋਂ ਪ੍ਰਯੋਗਸ਼ਾਲਾ ਦੇ ਸਾਮਾਨ ਨੂੰ ਸੰਭਾਲਣ ਲਈ ਕੀਤੀ ਜਾਂਦੀ ਹੈ। ਸਾਮਾਨ ਨੂੰ ਇਥੋਂ ਚੁੱਕ ਕੇ ਹੀ ਪ੍ਰਯੋਗਸ਼ਾਲਾ ਜਾਂ ਲੈਕਚਰ ਰੂਮ ਵਿਚ ਵਰਤਣ ਲਈ ਲਿਜਾਇਆ ਜਾਂਦਾ ਹੈ। ਇਸ ਦਾ ਢੁਕਵਾਂ ਅਕਾਰ 16x12 ਫੁੱਟ ਹੈ।

### 2.3.4.2 ਵਿਦਿਆਰਥੀਆਂ ਲਈ ਕੰਮ ਦਾ ਖੇਤਰ (Pupils' Working Area)

ਪ੍ਰਯੋਗਸ਼ਾਲਾ ਵਿਚ ਕੰਮ ਕਰਨ ਲਈ ਵਿਦਿਆਰਥੀਆਂ ਕੋਲ ਢੁੱਕਵੀਂ ਜਗ੍ਹਾ ਹੋਣੀ ਜ਼ਰੂਰੀ ਹੈ ਤਾਂ ਕਿ ਉਹ ਵੱਖ-ਵੱਖ ਪ੍ਰਯੋਗਾਂ ਨੂੰ ਠੀਕ ਤਰੀਕੇ ਨਾਲ ਕਰ ਕੇ ਸਮਝ ਸਕਣ। ਮੁੱਖ ਸਹੂਲਤਾਂ ਜੋ ਕਿ ਵਿਦਿਆਰਥੀਆਂ ਲਈ ਹੋਣੀਆਂ ਚਾਹੀਦੀਆਂ ਹਨ, ਉਹ ਹੇਠ ਲਿਖੇ ਅਨੁਸਾਰ ਹਨ:

1. ਵਿਦਿਆਰਥੀਆਂ ਦੇ ਕੰਮ ਕਰਨ ਲਈ ਢੁੱਕਵੀਂ ਗਿਣਤੀ ਵਿਚ ਮੇਜ ਅਤੇ ਸਟੂਲਾਂ ਦਾ ਬੰਦੋਬਸਤ ਹੋਣਾ ਚਾਹੀਦਾ ਹੈ।
2. ਮੇਜਾਂ ਦੀ ਸਤ੍ਹਾ (Surface) ਕਿਸੇ ਕੈਮੀਕਲ ਆਦਿ ਨਾਲ ਖਰਾਬ ਹੋ ਜਾਣ ਵਾਲੀ ਨਾ ਹੋਵੇ।
3. ਮੇਜਾਂ ਅਤੇ ਸਟੂਲਾਂ ਦੀ ਤਰਤੀਬ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਕਿ ਉਹ ਵਿਦਿਆਰਥੀਆਂ ਦੇ ਇਕ ਥਾਂ ਤੋਂ ਦੂਜੀ ਥਾਂ 'ਤੇ ਆਉਣ ਜਾਣ ਵਿਚ ਰੁਕਾਵਨ ਨਾ ਬਣਨ। ਮੇਜਾਂ ਅਤੇ ਸਟੂਲਾਂ ਦੀ ਉੱਚਾਈ ਬੱਚਿਆਂ ਦੇ ਕੰਮਕਾਜ ਦੌਰਾਨ ਸਹੂਲੀਅਤ ਦੇਣ ਵਾਲੀ ਹੋਵੇ। ਮੇਜਾਂ ਵਿਚ ਢੁੱਕਵੇਂ ਦਰਾਜ ਆਦਿ ਬਣੇ ਹੋਣੇ ਚਾਹੀਦੇ ਹਨ।
4. ਮੇਜਾਂ ਦੀ ਲੰਬਾਈ ਚੌੜਾਈ ਉਹਨਾਂ ਤੋਂ ਲਏ ਜਾਣ ਵਾਲੇ ਕੰਮ ਅਤੇ ਸਥਾਨ ਅਨੁਸਾਰ ਵੱਖੋ-ਵੱਖ ਹੋ ਸਕਦੀ ਹੈ।
5. ਪੱਕੇ ਬਣੇ ਮੇਜਾਂ (Fixed Working Tables) ਵਿਚ ਗੈਸ, ਪਾਣੀ ਅਤੇ ਬਿਜਲੀ ਆਦਿ ਦਾ ਯੋਗ ਬੰਦੋਬਸਤ ਹੋਣਾ ਚਾਹੀਦਾ ਹੈ।
6. ਸੂਰਜ ਦੀ ਸਿੱਧੀ ਧੁੱਪ ਖੁਰਦਬੀਨ (microscope) ਦੇ ਕੰਮ ਲਈ ਠੀਕ ਨਹੀਂ ਹੈ ਅਤੇ ਕਈ ਹਾਲਤਾਂ ਵਿਚ ਤਾਂ ਨੁਕਸਾਨਦਾਇਕ ਵੀ ਹੋ ਸਕਦੀ ਹੈ।
7. ਖਿੜਕੀਆਂ ਛੋਟੀਆਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਪਰ ਭਰਪੂਰ ਬਣਾਉਟੀ ਰੌਸ਼ਨੀ (Artificial Light) ਦਾ ਬੰਦੋਬਸਤ ਹੋਣਾ ਚਾਹੀਦਾ ਹੈ। ਖੁਰਦਬੀਨ ਦੀ ਜ਼ਰੂਰਤ ਨੂੰ ਧਿਆਨ ਵਿਚ ਰੱਖਦਿਆਂ ਅਜਿਹੀ ਰੌਸ਼ਨੀ ਦੀ ਜ਼ਰੂਰਤ ਹੁੰਦੀ ਹੈ। ਖੁਰਦਬੀਨ ਨੂੰ ਪ੍ਰਯੋਗਸ਼ਾਲਾ ਦੀ ਵੰਡ ਕਰਕੇ ਵੀ ਘੱਟ ਰੌਸ਼ਨੀ ਵਿਚ ਰੱਖਿਆ ਜਾ ਸਕਦਾ ਹੈ ਤਾਂ ਕਿ ਬਾਕੀ ਪ੍ਰਯੋਗਸ਼ਾਲਾ ਵਿਚ ਕੁਦਰਤੀ ਰੌਸ਼ਨੀ ਦਾ ਫਾਇਦਾ ਲਿਆ ਜਾ ਸਕੇ।
8. ਸ਼ੀਸ਼ੇ ਦਾ ਸਾਮਾਨ ਖਾਸ ਤੌਰ 'ਤੇ ਬਣੇ ਸਥਾਨਾਂ ਉਪਰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਅਜਿਹੇ ਸਾਮਾਨ ਨੂੰ ਸਟੋਰ ਤੋਂ ਵਰਤੋਂ ਦੀ ਥਾਂ ਅਤੇ ਫਿਰ ਵਾਪਿਸ ਸਟੋਰ ਵਿਚ ਪਹੁੰਚਾਉਣ ਲਈ ਜ਼ਿਆਦਾ ਹਿਲਾਉਣ-ਚਲਾਉਣ ਅਤੇ ਢੋਆ-ਢੁਆਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਪ੍ਰਯੋਗ ਤੋਂ ਬਾਅਦ ਨੇੜੇ ਹੀ ਬਣੀ ਥਾਂ ਵਿਚ ਸੰਭਾਲ ਕੇ ਰੱਖ ਲੈਣਾ ਚਾਹੀਦਾ ਹੈ।
9. ਪ੍ਰਯੋਗਸ਼ਾਲਾ ਵਿੱਚ ਇੱਕ ਦੀਵਾਰ ਘੜੀ ਲੱਗੀ ਹੋਣੀ ਚਾਹੀਦੀ ਹੈ ਕਿਉਂਕਿ ਕਈ ਤਜ਼ਰਬਿਆਂ ਵਿਚ ਕੁਝ ਨਿਸ਼ਚਿਤ ਸਮੇਂ ਦੇ ਫਰਕ ਨਾਲ ਰੁਕ-ਰੁਕ ਕੇ ਪ੍ਰੇਖਣ (observations) ਕਰਨ ਦੀ ਜ਼ਰੂਰਤ ਹੁੰਦੀ ਹੈ ਅਤੇ ਵੈਸੇ ਵੀ ਘੜੀ ਪ੍ਰਯੋਗਸ਼ਾਲਾ ਦੀ ਬੁਨਿਆਦੀ ਜ਼ਰੂਰਤ ਹੈ ਤਾਂ ਕਿ ਪ੍ਰਯੋਗਕਰਤਾਵਾਂ (Experimenters) ਨੂੰ ਸਮੇਂ ਦਾ ਧਿਆਨ ਰਹੇ।

10. ਸਾਰੀਆਂ ਖਿੜਕੀਆਂ ਉਪਰ ਅੰਨ੍ਹੇ ਸ਼ੀਸ਼ੇ (Blind Windows) ਜਾਂ ਕਾਲੇ ਪਰਦੇ ਹੋਣੇ ਚਾਹੀਦੇ ਹਨ।
11. ਪ੍ਰਯੋਗਸ਼ਾਲਾ ਵਿਚ ਬਿਜਲੀ ਦੀ ਸਪਲਾਈ ਲਈ ਥਾਂ-ਥਾਂ 'ਤੇ ਜ਼ਮੀਨ ਤੋਂ ਕੋਈ ਇਕ ਫੁੱਟ ਦੀ ਉੱਚਾਈ 'ਤੇ ਹੀ ਪਲੱਗ ਲੱਗੇ ਹੋਣੇ ਚਾਹੀਦੇ ਹਨ।

## 2.3.4.3 ਪ੍ਰਯੋਗਸ਼ਾਲਾ ਦੇ ਅੰਦਰ ਅਤੇ ਨਜ਼ਦੀਕ ਵਿਸ਼ੇਸ਼ ਖੇਤਰ ਅਤੇ ਆਲ਼ਾ-ਦੁਆਲ਼ਾ

### ੳ) ਪ੍ਰਦਰਸ਼ਨ ਖੇਤਰ (Demonstration Area)

ਇਹ ਖੇਤਰ ਪ੍ਰਯੋਗਸ਼ਾਲਾ ਅੰਦਰ ਉਹ ਥਾਂ ਹੁੰਦੀ ਹੈ ਜਿਥੇ ਕਿ ਅਧਿਆਪਕ ਵਿਦਿਆਰਥੀਆਂ ਨੂੰ ਪ੍ਰਯੋਗ ਆਦਿ ਖੁਦ ਕਰਕੇ ਵਿਖਾਉਂਦਾ/ਵਿਖਾਉਂਦੀ ਹੈ। ਇਸ ਜਗ੍ਹਾ ਪ੍ਰਯੋਗਸ਼ਾਲਾ ਦੇ ਹੋਰ ਮੇਜਾਂ ਜਿੰਨਾ ਹੀ ਉੱਚਾ ਇੱਕ ਮੇਜ ਪਿਆ ਹੁੰਦਾ ਹੈ। ਮੇਜ ਦਾ ਅਕਾਰ ਲਗਪਗ ਤਿੰਨ ਮੀਟਰ ਲੰਮਾ ਅਤੇ ਅੱਧਾ ਮੀਟਰ ਚੌੜਾ (3x0.5m) ਹੁੰਦਾ ਹੈ। ਇਸ ਵਿਚ ਪ੍ਰੋਜੈਕਟਰ ਆਦਿ ਦੀ ਸਹੂਲਤ ਵੀ ਹੋਣੀ ਚਾਹੀਦੀ ਹੈ। ਇਸ ਮੇਜ ਦੇ ਨਜ਼ਦੀਕ ਇਕ ਤਿੰਨ ਮੀਟਰ ਲੰਮਾ ਅਤੇ ਕੋਈ ਇਕ ਮੀਟਰ ਚੌੜੇ (3x1m) ਅਕਾਰ ਦਾ ਚਾਕ ਬੋਰਡ ਹੋਵੇ, ਹੋਣਾ ਚਾਹੀਦਾ ਹੈ ਅਤੇ ਗੈਸ, ਬਿਜਲੀ, ਸਿੰਕ ਆਦਿ ਦਾ ਪ੍ਰਬੰਧ ਵੀ ਇਸ ਮੇਜ ਦੇ ਨੇੜੇ ਜ਼ਰੂਰ ਹੋਣਾ ਚਾਹੀਦਾ ਹੈ।

### ਅ) ਸਫਾਈ ਅਤੇ ਕਚਰਾ ਨਿਪਟਾਰੇ ਦਾ ਖੇਤਰ (Cleaning And Disposal Area)

ਪਾਣੀ ਦੀਆਂ ਪਾਇਪਾਂ ਅਤੇ ਨਿਕਾਸ ਨਾਲੀਆਂ: ਚਾਰ ਜਾਂ ਪੰਜ ਇੰਚ ਦੀਆਂ ਨਾਲੀਆਂ ਦੀ ਵਰਤੋਂ ਫਾਲਤੂ ਪਦਾਰਥ ਬਾਹਰ ਵਹਾਉਣ ਲਈ ਕਰਨੀ ਚਾਹੀਦੀ ਹੈ। ਪਾਈਪਾਂ ਵਿਦਿਆਰਥੀਆਂ ਦੀ ਪਹੁੰਚ ਵਿਚ ਹੋਣੀਆਂ ਚਾਹੀਦੀਆਂ ਹਨ। ਨਿਕਾਸ ਨਾਲੀਆਂ ਨੂੰ ਲੱਕੜ ਦੇ ਫੱਟਿਆਂ ਜਾਂ ਢੱਕਣਾਂ ਨਾਲ ਢੱਕਿਆ ਹੋਣਾ ਚਾਹੀਦਾ ਹੈ ਤਾਂ ਕਿ ਲੋੜ ਪੈਣ 'ਤੇ ਅਸਾਨੀ ਨਾਲ ਚੁੱਕੇ ਜਾ ਸਕਣ ਤਾਂ ਜੋ ਨਿਕਾਸ-ਨਾਲੀਆਂ ਦੀ ਸਫ਼ਾਈ ਰੱਖੀ ਜਾ ਸਕੇ। ਨਿਕਾਸ ਨਾਲੀਆਂ ਜ਼ਮੀਨਦੋਜ਼ (Underground) ਨਹੀਂ ਕਰਨੀਆਂ ਚਾਹੀਦੀਆਂ। ਕਚਰੇ ਲਈ ਢੁੱਕਵੀਆਂ ਟੋਕਰੀਆਂ ਆਦਿ ਥਾਂ-ਥਾਂ 'ਤੇ ਰੱਖੀਆਂ ਹੋਣੀਆਂ ਚਾਹੀਦੀਆਂ ਹਨ।

### ੲ) ਪ੍ਰੋਜੈਕਟ ਅਤੇ ਹੋਰ ਲੰਮੇ ਤਜ਼ਰਬਿਆਂ ਲਈ ਸਥਾਨ (Project And Other Long Term Investigation Area) :

ਪ੍ਰਯੋਗਸ਼ਾਲਾ ਵਿਚ ਲੰਮਾ ਸਮਾਂ ਚੱਲਣ ਵਾਲੇ ਪ੍ਰੋਜੈਕਟਾਂ ਅਤੇ ਤਜ਼ਰਬਿਆਂ ਲਈ ਵੱਖਰੀ ਥਾਂ ਨਿਸ਼ਚਿਤ ਹੋਣੀ ਚਾਹੀਦੀ ਹੈ ਤਾਂ ਕਿ ਇਹੋ ਜਿਹੇ ਕਾਰਜ ਪ੍ਰਯੋਗਸ਼ਾਲਾ ਦੀਆਂ ਰੋਜ਼ਾਨਾ ਦੇ ਕੰਮਕਾਰ ਨਾਲ ਪ੍ਰਭਾਵਿਤ ਨਾ ਹੋਣ।

### ਸ) ਰੌਸ਼ਨੀ ਅਤੇ ਹਵਾ (Light And Ventilation)

ਪ੍ਰਯੋਗਸ਼ਾਲਾ ਵਿਚ ਦਰਵਾਜ਼ੇ, ਖਿੜਕੀਆਂ ਅਤੇ ਰੌਸ਼ਨਦਾਨਾਂ ਦਾ ਇਹ ਫਾਇਦਾ ਹੈ ਕਿ ਇਹਨਾਂ ਦੁਆਰਾ ਕੁਦਰਤੀ ਹਵਾ ਅਤੇ ਰੌਸ਼ਨੀ ਅੰਦਰ ਆਉਂਦੀ ਹੈ ਅਤੇ ਤਾਜ਼ਗੀ ਦਾ ਸੰਚਾਰ ਹੁੰਦਾ ਹੈ। ਜੇਕਰ ਇਹ ਸੰਭਵ ਨਾ ਹੋਵੇ ਤਾਂ ਬਣਾਉਟੀ ਢੰਗਾਂ ਨਾਲ ਪ੍ਰਯੋਗਸ਼ਾਲਾ ਵਿਚ ਭਰਪੂਰ ਹਵਾ ਅਤੇ ਰੌਸ਼ਨੀ ਦਾ ਬੰਦੋਬਸਤ ਜ਼ਰੂਰ ਕਰਨਾ ਚਾਹੀਦਾ ਹੈ ਜਿਵੇਂ ਕਿ ਟਿਊਬਾਂ ਅਤੇ ਹਵਾ ਬਾਹਰ ਕੱਢਣ ਵਾਲੇ ਪੱਖਿਆਂ (exhaust fans) ਦੀ ਵਰਤੋਂ ਕਰਨੀ ਚਾਹੀਦੀ ਹੈ। ਪੇਂਡੂ ਸਕੂਲਾਂ ਲਈ ਇਹ

ਸਭ ਸਹੂਲਤਾਂ ਜੁਟਾਉਣਾ ਮੁਸ਼ਕਿਲ ਹੈ ਅਤੇ ਉਥੇ ਇਹਨਾਂ ਸਭ ਬਣਾਉਟੀ ਸਾਧਨਾਂ ਤੋਂ ਠੀਕ ਫਾਇਦਾ ਲੈਣ ਲਈ ਨਿਰੰਤਰ ਅਤੇ ਠੀਕ ਵੋਲਟੇਜ਼ ਦੀ ਬਿਜਲੀ ਵੀ ਨਹੀਂ ਹੁੰਦੀ। ਸੋ ਜਿਥੇ ਤੱਕ ਸੰਭਵ ਹੋਵੇ ਕੁਦਰਤੀ ਹਵਾ ਅਤੇ ਰੌਸ਼ਨੀ ਪ੍ਰਯੋਗਸ਼ਾਲਾ ਵਿਚ ਆਉਣੀ ਅਤੇ ਜਾਣੀ ਚਾਹੀਦੀ ਹੈ। ਇਹ ਵੈਸੇ ਵੀ ਵਾਤਾਵਰਨ-ਪੱਖੀ ਹੈ।

**ਹ) ਸੰਦਰਭ ਖੇਤਰ (Reference Area)**

ਪ੍ਰਯੋਗਸ਼ਾਲਾ ਵਿਚ ਸੰਦਰਭ ਖੇਤਰ ਹੋਣਾ ਜ਼ਰੂਰੀ ਹੈ ਜਿਥੇ ਬੱਚੇ ਜ਼ਰੂਰਤ ਅਨੁਸਾਰ ਕਿਤਾਬਾਂ ਵੇਖ ਸਕਣ ਅਤੇ ਕਿਤਾਬਾਂ ਦੇ ਰਸਾਇਣਾਂ ਆਦਿ ਕਰਕੇ ਖਰਾਬ ਹੋਣ ਦਾ ਵੀ ਡਰ ਨਾ ਹੋਵੇ। ਇੱਥੇ ਕੁਝ ਕੁ ਬਹੁਤ ਹੀ ਜ਼ਰੂਰੀ ਹਵਾਲਾ ਪੁਸਤਕਾਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ।

**ਕ) ਸੰਜੀਵ ਖੇਤਰ (Living Organism Area)**

ਪ੍ਰਯੋਗਸ਼ਾਲਾ ਦੇ ਨਾਲ਼ ਜੁੜਿਆ ਇੱਕ ਗਰੀਨ ਹਾਊਸ ਹੋਣਾ ਚਾਹੀਦਾ ਹੈ ਜਿਥੇ ਜ਼ਰੂਰਤ ਦੇ ਪੌਦੇ ਆਦਿ ਰੱਖੇ ਜਾ ਸਕਣ।

### 2.3.4.4 ਘੱਟੋ-ਘੱਟ ਬੁਨਿਆਦੀ ਸਹੂਲਤਾਂ (Minimum Essential Facilities)

1. 6'x2'x2.5' ਵਾਲੇ ਮੇਜ ਜਿਨ੍ਹਾਂ ਵਿਚ ਸਿੰਕ ਅਤੇ ਦਰਾਜ ਬਣੇ ਹੋਣ।
2. ਅਲਮਾਰੀਆਂ
3. ਵਿਦਿਆਰਥੀਆਂ ਲਈ ਸਟੂਲ
4. ਵੱਖ-ਵੱਖ ਨਕਲਾਂ ਜਿਵੇਂ-ਮਨੁੱਖੀ ਸਰੀਰ ਦਾ ਢਾਂਚਾ, ਅਮੀਬਾ ਆਦਿ ਦਾ ਮਾਡਲ ਹੋਣੇ ਚਾਹੀਦੇ ਹਨ (Forgery)।
5. ਖੁਰਦਬੀਨ ਅਤੇ ਚਾਰਟ ਆਦਿ ਹੋਣੇ ਚਾਹੀਦੇ ਹਨ।
6. ਮੱਛੀਆਂ ਅਤੇ ਹੋਰ ਜਲੀ ਜੀਵਾਂ ਲਈ ਅਕੁਏਰੀਅਮ ਆਦਿ।
7. ਮੁੱਢਲੀ ਸਹਾਇਤਾ ਬਕਸਾ (First Aid Box)
8. ਘੱਟੋ-ਘੱਟ ਇਕ ਅਜਿਹਾ ਕਮਰਾ ਜਿੱਥੇ ਸਮਾਨ ਸੰਭਾਲਿਆ ਅਤੇ ਪ੍ਰਯੋਗਾਂ ਲਈ ਤਿਆਰ ਕੀਤਾ ਜਾ ਸਕੇ, ਵਿਦਿਆਰਥੀਆਂ ਦੇ ਕੰਮ ਲਈ ਥਾਂ ਅਤੇ ਗਰੀਨ ਹਾਊਸ।

### 2.3.4.5 ਪ੍ਰਯੋਗਸ਼ਾਲਾ ਦਾ ਕਾਰਜ ਪ੍ਰਬੰਧ ਚਲਾਉਣਾ (Administration)

ੳ) ਪ੍ਰਯੋਗਸ਼ਾਲਾ ਵਿੱਚ ਇੱਕ ਪ੍ਰਯੋਗਸ਼ਾਲਾ ਸਹਾਇਕ ਅਤੇ ਸਟੋਰ ਕੀਪਰ ਹੋਣੇ ਚਾਹੀਦੇ ਹਨ।

ਅ) ਪ੍ਰਯੋਗਸ਼ਾਲਾ ਵਿੱਚ ਕੰਮ ਕਰਨ ਵੇਲੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਦੀਵਾਰ ਆਦਿ ਉੱਪਰ ਲਿਖਣੀਆਂ ਚਾਹੀਦੀਆਂ ਹਨ।

ੲ) ਵਿਦਿਆਰਥੀਆਂ ਨੂੰ ਪ੍ਰਯੋਗਸ਼ਾਲਾ ਵਿਚ ਕੀਤੇ ਜਾ ਰਹੇ ਪ੍ਰਯੋਗਾਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ।

ਸ) ਪ੍ਰਯੋਗ ਜਿਥੋਂ ਤੱਕ ਸੰਭਵ ਹੋਵੇ ਉਥੋਂ ਤੱਕ ਖੁਦ (individually) ਹੀ ਕਰਨੇ ਚਾਹੀਦੇ ਹਨ।

ਹ) ਪ੍ਰਯੋਗਸ਼ਾਲਾ ਵਿਚ ਕੰਮ ਕਰਨ ਲਈ ਘੱਟੋ-ਘੱਟ ਘੰਟੀ (period) ਦੋ ਸਕੂਲੀ ਘੰਟੀਆਂ ਦੇ ਬਰਾਬਰ ਸਮੇਂ ਦੀ ਹੋਣੀ ਚਾਹੀਦੀ ਹੈ।

ਉਪਰੋਕਤ ਦੱਸੀਆਂ ਗੱਲਾਂ ਦੇ ਇਲਾਵਾ ਭਾਰਤੀ ਹਾਲਾਤ ਅਤੇ ਸੰਬੰਧਿਤ ਸਕੂਲ/ਕਾਲਜ ਦੀਆਂ ਵਿਸ਼ੇਸ਼ ਜ਼ਰੂਰਤਾਂ ਦੇ ਨਾਲ-ਨਾਲ ਕੌਮਾਂਤਰੀ ਪੱਧਰ ਤੇ ਹੋ ਰਹੀਆਂ ਨਵੀਨ ਖੋਜਾਂ ਨੂੰ ਧਿਆਨ ਵਿਚ ਰੱਖ ਕੇ ਪ੍ਰਯੋਗਸ਼ਾਲਾ ਦੀ ਢੁੱਕਵੀਂ ਯੋਜਨਾਬੰਦੀ ਅਤੇ ਪ੍ਰਬੰਧਨ ਕਰਨਾ ਚਾਹੀਦਾ ਹੈ। ਪ੍ਰਯੋਗਸ਼ਾਲਾ ਸਮੇਂ ਦੀ ਹਾਣੀ ਹੋਣੀ ਚਾਹੀਦੀ ਹੈ।

## ਵਿਅਕਤੀਗਤ ਅਧਿਆਪਨ ਦੀ ਵਿਵਸਥਾ (Provision For Individualized Instruction)

1. ਪ੍ਰਯੋਗਸ਼ਾਲਾ ਦੇ ਉਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਹਾਸਲ (Achieve) ਕਰਨ ਲਈ ਜ਼ਰੂਰੀ ਹੈ ਕਿ ਅਧਿਆਪਕ ਵਿਦਿਆਰਥੀਆਂ ਉਪਰ ਜਿਥੋਂ ਤੱਕ ਹੋ ਸਕੇ ਵਿਅਕਤੀਗਤ ਧਿਆਨ (Individual Attention) ਦੇ ਸਕੇ ਤਾਂ ਕਿ ਉਹਨਾਂ ਵਿਚ ਇੱਛਿਤ ਕੌਸ਼ਲਾਂ (Desired Skills) ਦਾ ਢੁੱਕਵਾਂ ਵਿਕਾਸ ਹੋ ਸਕੇ ਅਤੇ ਪ੍ਰਯੋਗਸ਼ਾਲਾ ਦੀਆਂ ਸਹੂਲਤਾਂ ਸਿਰਫ਼ ਨੁਮਾਇਸ਼ ਬਣ ਕੇ ਨਾ ਰਹਿ ਜਾਣ ਸਗੋਂ ਵਿਦਿਆਰਥੀ ਅਸਲ ਵਿੱਚ ਇਹਨਾਂ ਤੋਂ ਆਪਣੇ ਅਧਿਆਪਕ ਦੀ ਅਗਵਾਈ ਵਿਚ ਕੁਝ ਸਿੱਖ ਸਕਣ।
2. ਵਾਧੂ ਸਾਜੋ-ਸਾਮਾਨ (Extra Equipments)

   ਪ੍ਰਯੋਗਸ਼ਾਲਾ ਵਿੱਚ ਔਜਾਰ ਅਤੇ ਹੋਰ ਸਾਜੋ-ਸਾਮਾਨ ਜ਼ਰੂਰਤ ਤੋਂ ਕੁਝ ਵੱਧ ਵੀ ਰੱਖਿਆ ਜਾਂਦਾ ਹੈ ਤਾਂ ਕਿ ਲੋੜ ਪੈਣ ਤੇ ਇਹਨਾਂ ਤੋਂ ਕੰਮ ਲਿਆ ਜਾਂਦਾ ਹੈ ਤਾਂ ਕਿ ਕਿਸੇ ਚੀਜ਼ ਦੀ ਕਮੀ ਕਾਰਨ ਪ੍ਰਯੋਗਸ਼ਾਲਾ ਦੇ ਕੰਮ ਵਿਚ ਵਿਘਨ ਨਾ ਪੈ ਸਕੇ।
3. ਢੋਆ-ਢੁਆਈ (Mobile Arrangement)

   ਕਈ ਵਾਰੀ ਪ੍ਰਯੋਗਸ਼ਾਲਾ ਵਿਚ ਸਾਮਾਨ ਅਤੇ ਹੋਰ ਜ਼ਰੂਰੀ ਔਜਾਰਾਂ ਨੂੰ ਪ੍ਰਯੋਗ ਅਤੇ ਅਧਿਆਪਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇਕ ਥਾਂ ਤੋਂ ਦੂਜੀ ਥਾਂ ਲਿਆਉਣਾ-ਲਿਜਾਣਾ ਪੈਂਦਾ ਹੈ। ਸੋ ਢੋਆ-ਢੁਆਈ ਲਈ ਯੋਗ ਪ੍ਰਬੰਧ ਹੋਣਾ ਜ਼ਰੂਰੀ ਹੈ।
4. ਵਿਦਿਅਕ ਤਕਨੀਕੀ (Educational Technology)

   ਓਵਰ-ਹੈੱਡ ਪ੍ਰੋਜੈਕਟਰ, ਛੋਟੇ ਸੂਖਮ-ਪ੍ਰੋਜੈਕਟਰ (Micro Projectors) ਸਲਾਈਡ ਪ੍ਰੋਜੈਕਟਰ ਅਤੇ ਹੋਰ ਵੇਖਣ-ਸੁਣਨ ਸਾਧਨ ਬਦਲਦੇ ਸਮੇਂ ਮੁਤਾਬਿਕ ਵਿਗਿਆਨਕ ਪ੍ਰਯੋਗਸ਼ਾਲਾਵਾਂ ਦਾ ਅੰਗ ਬਣਦੇ ਜਾ ਰਹੇ ਹਨ।
5. ਲਚਕ (Flexibility)

   ਪ੍ਰਯੋਗਸ਼ਾਲਾ ਵਿਚ ਲਚਕੀਲੇਪਣ ਦੇ ਕਈ ਪਹਿਲੂ ਹਨ ਜਿਵੇਂ:

ੳ) ਵਿਦਿਆਰਥੀ ਅਸਾਨੀ ਨਾਲ਼ ਇੱਧਰ-ਉੱਧਰ ਆ-ਜਾ ਸਕਦੇ ਹੋਣ। ਜਿਵੇਂ ਜਮਾਤ ਤੋਂ ਪ੍ਰਯੋਗਸ਼ਾਲਾ ਵਿਚ ਅਤੇ ਪ੍ਰਯੋਗਸ਼ਾਲਾ ਦੇ ਵਿੱਚ ਵੀ ਆਰਾਮ ਨਾਲ਼ ਕੰਮ ਕਰ ਸਕਣ।

ਅ) ਪ੍ਰਯੋਗਸ਼ਾਲਾ ਦੇ ਵਿਚ ਢੁੱਕਵੀਆਂ ਥਾਵਾਂ 'ਤੇ ਅਧਿਆਪਕ ਲਈ ਅਜਿਹੀਆਂ ਥਾਂਵਾਂ ਬਣੀਆਂ ਹੋਣ ਜਿੱਥੇ ਕਿ ਉਹ ਕੋਈ ਵੀ ਕੰਮ ਵਿਦਿਆਰਥੀਆਂ ਨੂੰ ਕਰਕੇ ਸਮਝਾ ਸਕੇ।

ੲ) ਕਮਰੇ ਦੀ ਬਣਤਰ ਇਹੋ ਜਿਹੀ ਹੋਵੇ ਕਿ ਅਧਿਆਪਕ ਵਿਦਿਆਰਥੀਆਂ ਤੱਕ ਅਸਾਨੀ ਨਾਲ਼ ਆਪਣੀ ਥਾਂ ਤੋਂ ਤੁਰ ਕੇ ਪਹੁੰਚ ਸਕੇ।

ਸ) ਕਮਰਾ ਇੰਨਾ ਕੁ ਵੱਡਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਲੋੜ ਪੈਣ ਤੇ ਹੋਰ ਟੇਬਲ ਰੱਖੇ ਜਾ ਸਕਣ ਅਤੇ ਉਹ ਪ੍ਰਯੋਗਸ਼ਾਲਾ ਦੇ ਰੁਟੀਨ ਕੰਮਾਂ ਵਿਚ ਰੁਕਾਵਟ ਵੀ ਨਾ ਬਣਨ।

ਹ) ਕੁਝ ਮੇਜ ਹਿਲਾਉਣਯੋਗ ਵੀ ਹੋਣੇ ਚਾਹੀਦੇ ਹਨ ਤਾਂ ਕਿ ਲੋੜ ਪੈਣ ਤੇ ਦੂਜਿਆਂ ਨਾਲ਼ ਜੋੜੇ ਜਾ ਸਕਣ।

ਕ) ਇਸ ਦੇ ਇਲਾਵਾ ਪ੍ਰਯੋਗਸ਼ਾਲਾ ਵਿਚ ਇੰਨੀ ਕੁ ਲਚਕ ਜ਼ਰੂਰੀ ਹੈ ਕਿ ਉਸ ਵਿਚ ਹਾਲਾਤਾਂ ਅਤੇ ਬਦਲਦੇ ਸਮੇਂ ਨਾਲ਼ ਸੁਧਾਰ ਹੁੰਦਾ ਰਹਿ ਸਕੇ ਅਤੇ ਪ੍ਰਯੋਗਸ਼ਾਲਾ ਸਮੇਂ ਦੀ ਹਾਣੀ ਬਣੀ ਰਹਿ ਸਕੇ। ਇਸ ਕੰਮ ਲਈ ਵਿਗਿਆਨ ਅਧਿਆਪਕ ਦਾ ਦੂਰ-ਅੰਦੇਸ਼ ਹੋਣ ਜ਼ਰੂਰੀ ਹੈ।

## 2.3.5 ਸਾਜੋ-ਸਾਮਾਨ ਦਾ ਪ੍ਰਬੰਧਨ

ਸਾਜੋ ਸਾਮਾਨ ਅਤੇ ਔਜਾਰਾਂ ਦੀ ਦੇਖ-ਰੇਖ ਅਤੇ ਸੰਭਾਲ ਪ੍ਰਯੋਗਸ਼ਾਲਾ ਸਹਾਇਕ ਦੀ ਅਹਿਮ ਜ਼ਿੰਮੇਵਾਰੀ ਹੈ। ਅਲਮਾਰੀਆਂ ਦੀ ਸਮੇਂ-ਸਮੇਂ 'ਤੇ ਸਫ਼ਾਈ ਹੋਣੀ ਚਾਹੀਦੀ ਹੈ ਤਾਂ ਕਿ ਪਏ ਸਾਮਾਨ ਦੀ ਜਾਂਚ-ਪੜਤਾਲ ਅਤੇ ਝਾੜ-ਪੂੰਝ ਕੀਤੀ ਜਾ ਸਕੇ। ਅਜਿਹਾ ਕਰਨ ਨਾਲ਼ ਸਾਮਾਨ ਦੀ ਮਿਆਦ ਅਤੇ ਕੁਸ਼ਲਤਾ ਦੋਵੇਂ ਹੀ ਵੱਧ ਜਾਂਦੇ ਹਨ। ਸਾਮਾਨ ਦੀ ਸਾਂਭ-ਸੰਭਾਲ ਕਰਦਿਆਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ:

1. ਵਰਤੋਂ ਤੋਂ ਮਗਰੋਂ ਔਜਾਰਾਂ ਨੂੰ ਸਲੀਕੇ ਨਾਲ਼ ਸਾਫ਼ ਕਰਕੇ ਵਾਪਸ ਸੰਭਾਲਣਾ ਚਾਹੀਦਾ ਹੈ। ਕਦੇ ਵੀ ਲਿਬੜੇ ਹੋਏ ਅਤੇ ਗੰਦੇ ਸਾਮਾਨ ਨੂੰ ਵਾਪਸ ਉਸ ਦੀ ਜਗ੍ਹਾ ਤੇ ਨਾ ਟਿਕਾਓ। ਇਹ ਗੱਲ ਸ਼ੀਸ਼ੇ ਦੇ ਸਾਮਾਨ ਉਪਰ ਖ਼ਾਸ ਕਰ ਕੇ ਲਾਗੂ ਹੁੰਦੀ ਹੈ। ਇਹਨਾਂ ਨੂੰ ਸਾਫ਼ ਕਰਨ ਲਈ ਪਾਣੀ ਸਰਫ਼ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਨਹੀਂ ਤਾਂ ਪਦਾਰਥ ਇਹਨਾਂ ਉਪਰ ਜੰਮ ਜਾਂਦੇ ਹਨ ਅਤੇ ਖੁਰਚ ਕੇ ਲਾਹੁਣ ਲੱਗਿਆਂ ਸਾਮਾਨ ਟੁੱਟ ਸਕਦਾ ਹੈ। ਕੁਝ ਘੋਲ ਇਹ ਹਨ ਜਿਨ੍ਹਾਂ ਨਾਲ਼ ਕਿ ਕੱਚ ਦੇ ਸਾਮਾਨ ਨੂੰ ਸਾਫ਼ ਕੀਤਾ ਜਾ ਸਕਦਾ ਹੈ:

   Pumice Stone

   Hot Alkali Solution

   Acidified Potassium

   Dichromate Solution
2. ਟੁੱਟੇ ਸਾਮਾਨ ਦੀ ਤੁਰੰਤ ਮੁਰੰਮਤ ਕਰਨੀ ਚਾਹੀਦੀ ਹੈ ਜਾਂ ਸੁੱਟ ਦੇਣਾ ਚਾਹੀਦਾ ਹੈ।
3. ਲੋਹੇ ਦਾ ਸਾਮਾਨ ਆਮ ਕਰਕੇ ਪਾਲਿਸ਼ ਕਰਕੇ ਰੱਖਿਆਂ ਜਾਂਦਾ ਹੈ। ਜੰਗਾਲ (Rust) ਲਾਹੁਣ ਲਈ ਮਿੱਟੀ ਦੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ ਫਿਰ ਪਾਲਿਸ਼ ਫੇਰ ਕੇ ਸਾਮਾਨ ਸੰਭਾਲਣਾ ਚਾਹੀਦਾ ਹੈ। ਪਿੱਤਲ ਨੂੰ ਸਾਫ਼ ਕਰਨ ਲਈ ਬ੍ਰਾਸੋ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਸੇ ਪ੍ਰਕਾਰ ਵੱਖ-ਵੱਖ ਵਸਤਾਂ ਦੀ ਸਫ਼ਾਈ ਲਈ ਢੁੱਕਵੇਂ ਪਦਾਰਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
4. ਬਰਸਾਤਾਂ ਦੇ ਮੌਸਮ ਵਿਚ ਲੋਹੇ ਦੇ ਨਟਾਂ ਆਦਿ ਉਪਰ ਵੈਸਲੀਨ ਲਗਾਉਣੀ ਚਾਹੀਦੀ ਹੈ।

5. ਪ੍ਰਯੋਗਸ਼ਾਲਾ ਵਿਚ ਇਕ ਸਟਾਕ ਰਜਿਸਟਰ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਕਿ ਨਵੇਂ, ਟੁੱਟੇ-ਭੱਜੇ, ਮੁੱਕੇ ਹੋਏ ਆਦਿ ਹਰ ਤਰ੍ਹਾਂ ਦੇ ਸਾਮਾਨ ਦਾ ਰਿਕਾਰਡ ਰੱਖਿਆ ਜਾ ਸਕੇ।
6. ਪ੍ਰਯੋਗਸ਼ਾਲਾ ਦੇ ਕੰਮ ਵਾਲ਼ੇ ਮੇਜਾਂ ਦੀ ਸਤ੍ਹਾ 'ਤੇ ਪਾਲਿਸ਼ ਨਹੀਂ ਕੀਤੀ ਜਾਂਦੀ ਸਗੋਂ ਮੋਮ ਫੇਰੀ ਜਾਂਦੀ ਹੈ ਤਾਂ ਕਿ ਕਿਸੇ ਰਸਾਇਣ ਦੀ ਵਜਾਹ ਕਰਕੇ ਮੇਜ ਖਰਾਬ ਨਾ ਹੋਣ। ਇਹ ਜਾਂ ਤਾਂ ਪੈਰਾਫਿਨ ਵੈਕਸ ਅਤੇ ਜਾਂ ਸਧਾਰਨ ਮੋਮ ਹੁੰਦੀ ਹੈ। ਚੰਗੀ ਤਰ੍ਹਾਂ ਰਗੜਨ ਪਿੱਛੋਂ ਗਰਮ ਪ੍ਰੈੱਸ ਫੇਰ ਦਿੱਤੀ ਜਾਂਦੀ ਹੈ ਅਤੇ ਫਿਰ ਤਿੱਖੇ ਚਾਕੂ ਨਾਲ਼ ਫਾਲਤੂ ਮੋਮ ਖੁਰਚ ਕੇ ਲਾਹ ਦਿੱਤੀ ਜਾਂਦੀ ਹੈ।
7. ਸਿੰਕ ਆਦਿ ਦੀ ਸਫ਼ਾਈ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਹਨਾਂ ਨੂੰ ਵੀਨ (Vein) ਪਾਊਡਰ ਜਾਂ ਕਿਸੇ ਹੋਰ ਪਾਊਡਰ/ਸਰਫ਼ ਆਦਿ ਨਾਲ਼ ਸਾਫ਼ ਰੱਖਣਾ ਚਾਹੀਦਾ ਹੈ।
8. ਲੱਕੜ ਦੇ ਸਾਮਾਨ ਨੂੰ ਪਾਲਿਸ਼ ਕਰਨ ਜਾਂ ਵਰਤੋਂ ਤੋਂ ਮਗਰੋਂ ਧੁੱਪ ਲਵਾਉਣੀ ਚਾਹੀਦੀ ਹੈ। ਇਹ ਪਾਲਿਸ਼ ਮਿਥਾਈਲ ਸਪਿਰਟ (Methylated Spirit) ਵਿਚ ਸ਼ੈਲਕ (Schellc) ਮਿਲਾ ਕੇ ਤਿਆਰ ਹੋ ਜਾਂਦੀ ਹੈ।
9. ਵਿਦਿਆਰਥੀਆਂ ਦੁਆਰਾ ਵਾਰ-ਵਾਰ ਵਰਤੇ ਜਾਣ ਵਾਲੇ ਸੰਦ-ਪੁਰਜੇ ਆਪਣੀ ਠੀਕ ਤਰਤੀਬ ਗੁਆ ਲੈਂਦੇ ਹਨ। ਪ੍ਰਯੋਗਸ਼ਾਲਾ ਸਹਾਇਕ ਜਾਂ ਅਧਿਆਪਕ ਨੂੰ ਸਮੇਂ-ਸਮੇਂ ਤੇ ਇਸ ਹਿੱਲੇ ਹੋਏ ਸਾਮਾਨ ਨੂੰ ਵਾਰ-ਵਾਰ ਸਹੀ ਹਾਲਤ ਵਿਚ ਠੀਕ ਕਰਦੇ ਰਹਿਣਾ ਚਾਹੀਦਾ ਹੈ।
10. ਆਮ ਸਾਮਾਨ ਨੂੰ ਸਾਫ਼ ਕਰਨ ਲਈ ਅਤੇ ਖਾਸ ਕਰਕੇ ਸ਼ੀਸ਼ੇ ਦੇ ਸਾਮਾਨ ਨੂੰ ਸਾਫ਼ ਕਰਨ ਲਈ ਬੂਰੇਟ (Burette) ਅਤੇ ਪਿਪਟ (Pipette) ਦੀ ਵਰਤੋਂ ਕਰਨੀ ਚਾਹੀਦੀ ਹੈ।
11. Requirement Register ਨੂੰ ਅਲੱਗ ਤੋਂ ਰੱਖਿਆ ਜਾਣਾ ਚਾਹੀਦਾ ਹੈ। ਸਟਾਕ ਰਜਿਸਟਰ, ਮੰਗ ਰਜਿਸਟਰ (Order Register) ਅਤੇ Requirement Register ਅਲੱਗ-ਅਲੱਗ ਤਿਆਰ ਕਰਨੇ ਚਾਹੀਦੇ ਹਨ। ਹਰੇਕ ਰਜਿਸਟਰ ਉੱਪਰ ਸਕੂਲ/ਕਾਲਜ ਦਾ ਨਾਮ ਫਿਰ ਰਜਿਸਟਰ ਦਾ ਨਾਮ (ਜਿਵੇਂ-ਸਟਾਕ ਰਜਿਸਟਰ) ਆਰੰਭ ਅਤੇ ਬੰਦ ਕਰਨ ਦਾ ਸਮਾਂ (Period) ਆਦਿ ਦਾ ਵੇਰਵਾ ਜ਼ਰੂਰ ਹੋਣਾ ਚਾਹੀਦਾ ਹੈ।
12. ਵਿਸ਼ੇ ਨਾਲ਼ ਸੰਬੰਧਿਤ ਤਸਵੀਰਾਂ ਚਾਰਟ ਆਦਿ ਪ੍ਰਯੋਗਸ਼ਾਲਾ ਵਿਚ ਲਾਈਆਂ ਜਾਣੀਆਂ ਚਾਹੀਦੀਆਂ ਹਨ।
13. ਪ੍ਰਯੋਗਸ਼ਾਲਾ ਵਿਚ ਇੱਕ ਬੁਲੇਟਿਨ ਬੋਰਡ ਵੀ ਲਾਇਆ ਜਾਣਾ ਚਾਹੀਦਾ ਹੈ।

ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ ਜਿਸ ਕਾਰਨ ਸਾਡੇ ਆਰਥਿਕ ਸਾਧਨ ਬਹੁਤੇ ਨਹੀਂ ਹਨ ਪਰ ਫਿਰ ਵੀ ਪਿਛਲੇ ਕੁਝ ਸਮੇਂ ਤੋਂ ਭਾਰਤ ਸਰਕਾਰ ਦੀਆਂ ਸਰਵ ਸਿੱਖਿਆ ਅਭਿਆਨ ਆਦਿ ਯੋਜਨਾਵਾਂ ਸਦਕਾ ਸਿੱਖਿਆ ਲਈ ਕਾਫ਼ੀ ਫੰਡ ਜੁਟਾਇਆ ਗਿਆ ਹੈ। ਇਸ ਦੇ ਬਾਵਜੂਦ ਸਾਨੂੰ ਕਿਫਾਇਤੀ ਸਿੱਖਿਆ ਸਹਾਇਕ ਸਮੱਗਰੀ ਜੁਟਾਉਣੀ ਚਾਹੀਦੀ ਹੈ ਤਾਂ ਕਿ ਵਿਦਿਆਰਥੀਆਂ ਨੂੰ ਸਿੱਖਿਆ ਵੀ ਵਧੀਆ ਮਿਲ ਸਕੇ ਅਤੇ ਖਰਚਾ ਵੀ ਸਹੀ ਰਹੇ। ਇਸ ਲਈ ਚੀਜ਼ਾਂ ਨੂੰ ਜਿੱਥੋਂ ਤੱਕ ਹੋ ਸਕੇ ਸੰਭਾਲ ਕੇ ਰੱਖਣਾ ਚਾਹੀਦਾ ਹੈ।

## 2.3.6 ਸਾਰ

ਸਾਰਥਕ ਅਧਿਆਪਨ ਲਈ ਪ੍ਰਯੋਗਸ਼ਾਲਾ ਵਿਚ ਲੋੜੀਂਦੇ ਸਾਜੋ-ਸਾਮਾਨ ਅਤੇ ਰਸਾਇਣਾ ਦਾ ਹੋਣਾ ਬਹੁਤ ਜ਼ਰੂਰੀ ਹੈ। ਪ੍ਰਯੋਗਸ਼ਾਲਾ ਕਾਰਜ ਅਤੇ ਫੀਲਡ ਕਾਰਜ ਲਈ ਮਿੱਥੇ ਟੀਚਿਆਂ ਦੀ ਪੂਰਤੀ ਕਈ ਕਿਸਮ ਦੀਆਂ ਗਤੀਵਿਧੀਆਂ ਦੁਆਰਾ ਕੀਤੀ ਜਾ ਸਕਦੀ ਹੈ। ਜਿਵੇਂ ਕਿ- ਜਾਂਚ (Verification), ਆਗਮਨ (Inductive), ਨਿਗਮਨ (Deductive), ਸਮੱਸਿਆ ਹੱਲ (Problem Solving), ਖੋਜਾਤਮਿਕ (Exploratory) ਅਤੇ ਮਨੋ-ਸਰੀਰਕ (Psychomotor) ਕਿਸਮ ਦੀਆਂ ਕਿਰਿਆਵਾਂ ਆਦਿ। ਪ੍ਰਯੋਗਸ਼ਾਲਾ ਕਈ ਤਰ੍ਹਾਂ ਨਾਲ਼ ਸਿੱਖਣ ਵਿਚ ਮਦਦਗ਼ਾਰ ਹੈ। ਉਦਾਹਰਨ ਲਈ- ਇਹ ਸੁਤੰਤਰ ਕੰਮ ਕਰਨ ਦੀ ਆਦਤ ਵਿਕਸਿਤ ਕਰਦੀ ਹੈ, ਤਰਕਸੰਗਤ ਸੋਚ (Logical Thinking) ਵਿਸ਼ੇ ਵਿਚ ਰੁਚੀ ਦਾ ਵਿਕਾਸ ਅਤੇ ਵਿਹਾਰਕ ਕਾਰਜ ਕੌਸ਼ਲ (Practical Skill Efficiency) ਦੇ ਇਲਾਵਾ ਸਿਧਾਂਤ ਨੂੰ ਅਮਲ ਵਿਚ ਲਿਆਉਣ ਦੀ ਜਾਂਚ ਸਿਖਾਉਂਦੀ ਹੈ।

ਬਦਲਦੇ ਸਮੇਂ ਅਤੇ ਬਦਲਦੀਆਂ ਜ਼ਰੂਰਤਾਂ (ਤਕਨੀਕੀ ਵਿਕਾਸ, ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਅਤੇ ਥਾਂ ਦੀ ਕਮੀ ਆਦਿ) ਸਦਕਾ ਪ੍ਰਯੋਗਸ਼ਾਲਾ ਦੀ ਵਿਉਂਤਬੰਦੀ ਲਈ ਨਵੀਆਂ ਚੁਣੌਤੀਆਂ ਉੱਭਰ ਰਹੀਆਂ ਹਨ। ਭਾਰਤੀ ਸਕੂਲਾਂ ਦੀਆਂ ਪ੍ਰਯੋਗਸ਼ਾਲਾਵਾਂ ਦੀ ਦਸ਼ਾ ਵਿਚ ਭਾਰੀ ਸੁਧਾਰ ਕਰਨ ਦੀ ਜ਼ਰੂਰਤ ਹੈ ਜਿਸ ਲਈ ਪੈਸੇ ਤੋਂ ਵਧ ਕੇ ਅਧਿਆਪਕਾਂ ਅਤੇ ਪ੍ਰਯੋਗਸ਼ਾਲਾ ਸਹਾਇਕਾਂ ਦਾ ਸਿਰਜਨਾਤਮਿਕ (Creative) ਅਤੇ ਦੂਰਅੰਦੇਸ਼ੀ ਸੋਚ ਦੇ ਧਾਰਨੀ ਹੋਣਾ ਪਹਿਲੀ ਜ਼ਰੂਰਤ ਹੈ ਕਿਉਂਕਿ ਕਿਹਾ ਜਾਂਦਾ ਹੈ ਕਿ ਸਰਵ-ਸ੍ਰੇਸ਼ਟ ਸਹੂਲਤਾਂ ਵੀ ਚੰਗੇ ਅਧਿਆਪਕ ਤੋਂ ਬਿਨਾਂ ਨਕਾਰਾ ਹੋ ਜਾਂਦੀਆਂ ਹਨ ਜਦਕਿ ਇੱਕ ਚੰਗਾ ਅਧਿਆਪਕ ਘੱਟ ਸਾਧਨਾਂ ਵਿਚ ਵੀ ਵਿਦਿਆਰਥੀਆਂ ਨੂੰ ਵਧੀਆ ਪੜ੍ਹਾ ਸਕਦਾ ਹੈ। ਮਹਾਨ ਵਿਗਿਆਨੀ ਆਇਨਸਟਾਈਨ ਦਾ ਕਹਿਣਾ ਹੈ ਕਿ- ''ਸਿਰਜਣਾਤਮਿਕਤਾ ਸਾਧਨ ਛੁਪਾਉਣ ਵਿੱਚ ਹੀ ਹੈ।''

## 2.3.7 ਸੁਝਾਏ ਪ੍ਰਸ਼ਨ

1. ਪ੍ਰਯੋਗਸ਼ਾਲਾ ਤੋਂ ਕੀ ਭਾਵ ਹੈ?
2. ਪ੍ਰਯੋਗਸ਼ਾਲਾ ਲਈ ਸਾਜੋ-ਸਾਮਾਨ ਅਤੇ ਔਜ਼ਾਰ ਚੁਣਨ ਸਮੇਂ ਕਿਹੜੀਆਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ?
3. ਪ੍ਰਯੋਗਸ਼ਾਲਾ ਦੇ ਪ੍ਰਦਰਸ਼ਨੀ ਖੇਤਰ ਬਾਰੇ ਦੱਸੋ?
4. ਤੁਸੀਂ ਆਪਣੀ ਪ੍ਰਯੋਗਸ਼ਾਲਾ ਵਿਚ ਸਾਜੋ-ਸਾਮਾਨ ਅਤੇ ਔਜ਼ਾਰਾਂ ਦੀ ਸੰਭਾਲ ਕਿਵੇਂ ਕਰੋਗੇ?

## 2.3.8 ਹਵਾਲੇ


1. Yadav, M.S: Teaching of Science, New Delhi, 1992, Ch. 6, pp. 166-168.
2. Gupta, V.K. : Teaching and learning of Science and Technology, Kurukshetra, 1995, Ch. 11, pp. 228-232.
3. Gupta, V.K : Life Sciences Education Today, Kurukshetra, 1994, Ch. 12, pp. 154-160.

*ਪਾਠ ਨੰ: 2.4* *ਲੇਖਕ : ਡਾ. ਮਨਜੀਤ ਕੌਰ*

# ਸ੍ਰਵਨ-ਦਰਿਸ਼ਟੀ ਸਹਾਇਕ ਸਾਧਨ : ਮਹੱਤਵ ਅਤੇ ਕਿਸਮਾਂ

**ਢਾਂਚਾ**

2.4.1 ਉਦੇਸ਼

2.4.2 ਭੂਮਿਕਾ

2.4.3 ਦਰਿਸ਼ਟੀ ਸ੍ਰੋਤ

2.4.4 ਦਰਿਸ਼ਟੀ ਸ੍ਰੋਤ ਸਹਾਇਕ ਸਾਧਨਾਂ ਦੀ ਉਪਯੋਗੀ ਵਰਤੋਂ

2.4.5 ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨਾਂ ਦੀਆਂ ਕਿਸਮਾਂ

2.4.6 ਮਹੱਤਵ

2.4.7 ਸਾਰ

2.4.8 ਸੁਝਾਏ ਪ੍ਰਸ਼ਨ

2.4.9 ਪੁਸਤਕ ਸੂਚੀ

## 2.4.1 ਪਾਠ ਦੇ ਉਦੇਸ਼ :

(ੳ) ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਦਰਿਸ਼ਟੀ ਸ੍ਰੋਤਾਂ ਬਾਰੇ ਜਾਣੂ ਹੋ ਜਾਣਗੇ।

(ਅ) ਇਹ ਪ੍ਰਸ਼ਨ ਪੜ੍ਹਨ ਤੋਂ ਬਾਅਦ ਵਿਦਿਆਰਥੀ ਦਰਿਸ਼ਟੀ ਸ੍ਰੋਤਾਂ ਦੀ ਉਪਯੋਗੀ ਵਰਤੋਂ ਕਰਨ ਦੇ ਯੋਗ ਹੋ ਜਾਣਗੇ।

## 2.4.2 ਭੂਮਿਕਾ :

ਅੱਜ ਦੇ ਯੁੱਗ ਵਿਚ ਸਿੱਖਿਆ ਦਾ ਮੁੱਖ ਉਦੇਸ਼ ਬੱਚੇ ਦਾ ਸਰਵਪੱਖੀ ਵਿਕਾਸ ਕਰਨਾ ਹੈ। ਸਿੱਖਿਆ ਦੁਆਰਾ ਬੱਚੇ ਦੇ ਬੌਧਿਕ, ਨੈਤਿਕ ਤੇ ਮਾਨਸਿਕ ਪੱਧਰ ਨੂੰ ਚੁੱਕਿਆ ਜਾਂਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਵੱਖਰੇ-ਵੱਖਰੇ ਤਰੀਕੇ ਜਾਂ ਵਿਧੀਆਂ ਲੱਭੀਆਂ ਗਈਆਂ ਹਨ। ਵੱਖਰੇ ਵੱਖਰੇ ਸਹਾਇਕ ਸਾਧਨਾਂ ਦੀ ਖੋਜ ਕੀਤੀ ਗਈ ਹੈ ਤਾਂ ਕਿ ਸਿੱਖਿਆ ਨੂੰ ਮਨੋਰੰਜਕ ਸਰਲ ਤੇ ਸਪੱਸ਼ਟ ਬਣਾ ਕੇ ਬੱਚੇ ਦਾ ਸਰਵ-ਪੱਖੀ ਵਿਕਾਸ ਕੀਤਾ ਜਾ ਸਕੇ। ਪੁਰਾਣੇ ਸਮੇਂ ਵਿੱਚ ਸਿੱਖਿਆ ਦਾ ਉਦੇਸ਼ ਕੇਵਲ ਗਿਆਨ ਪ੍ਰਾਪਤੀ ਹੀ ਸੀ। ਇਸ ਮਨੋਰਥ ਦੀ ਪੂਰਤੀ ਲਈ ਅਧਿਆਪਕ ਬੱਚਿਆਂ ਨੂੰ ਜਮਾਤ ਦੇ ਕਮਰੇ ਵਿਚ ਲੈਕਚਰ ਵਿਧੀ ਨਾਲ ਪੜ੍ਹਾਉਂਦੇ ਸਨ। ਪਰੰਤੂ ਅੱਜ ਕੱਲ ਕਈ ਤਰ੍ਹਾਂ ਦੇ ਦੇਖਣ-ਸੁਣਨ ਦੇ ਸਾਧਨਾਂ ਦੀ ਵਰਤੋਂ ਕਰਕੇ ਸਿੱਖਿਆ ਨੂੰ ਜ਼ਿਆਦਾ ਸਾਰਥਕ ਬਣਾਇਆ ਗਿਆ ਹੈ।

ਗਿਆਨ ਦੀ ਪ੍ਰਾਪਤੀ ਲਈ ਕੁਦਰਤ ਨੇ ਮਨੁੱਖ ਨੂੰ ਗਿਆਨ ਇੰਦਰੀਆਂ ਦਿੱਤੀਆਂ ਹਨ, ਜਿਨ੍ਹਾਂ ਰਾਹੀਂ ਮਨੁੱਖ ਵੇਖ ਕੇ, ਸੁਣ ਕੇ, ਸੁੰਘ ਕੇ, ਟੋਹ ਕੇ ਜਾਂ ਸਪਰਸ਼ ਕਰਕੇ ਗਿਆਨ ਪ੍ਰਾਪਤ ਕਰਦਾ ਹੈ। ਵਿਅਕਤੀਗਤ ਭਿੰਨਤਾ ਦੇ ਨੇਮ ਅਨੁਸਾਰ ਗਿਆਨ ਪ੍ਰਾਪਤੀ ਦੇ ਇਹ ਸਾਧਨ ਵੱਧ ਜਾਂ ਘੱਟ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਕੋਈ ਵਿਅਕਤੀ ਅੱਖਾਂ ਰਾਹੀਂ ਬਹੁਤਾ ਗਿਆਨ ਪ੍ਰਾਪਤ ਕਰਦਾ ਹੈ, ਕੋਈ ਕੰਨਾਂ ਰਾਹੀਂ ਅਤੇ ਕੋਈ ਹੱਥਾਂ ਦੇ ਸਪਰਸ਼ ਰਾਹੀਂ। ਗਿਆਨ ਪ੍ਰਾਪਤੀ ਦੇ ਇਹਨਾਂ ਸਾਧਨਾਂ ਵਿੱਚੋਂ ਅੱਖਾਂ ਅਤੇ ਕੰਨਾਂ ਦੀ ਵਰਤੋਂ ਵਧੇਰੇ ਹੁੰਦੀ ਹੈ। ਸਿੱਖਿਆਂ ਦੇ ਖੇਤਰ ਵਿਚ ਕੁਝ ਅਜਿਹੇ ਸਾਧਨਾਂ ਦੀ ਸਿਫਾਰਿਸ਼ ਕੀਤੀ ਗਈ ਹੈ। ਜਿਹਨਾਂ ਨਾਲ ਬੱਚਿਆਂ ਲਈ ਨਾ ਕੇਵਲ ਗਿਆਨ ਪ੍ਰਾਪਤ ਕਰਨਾ ਹੀ ਸੌਖਾ ਹੋ ਜਾਂਦਾ ਹੈ ਸਗੋਂ ਪ੍ਰਾਪਤ ਕੀਤਾ ਗਿਆ ਗਿਆਨ

ਪੱਕਾ ਵੀ ਹੋ ਜਾਂਦਾ ਹੈ। ਵਿਦਿਆਰਥੀ ਹਿੱਤਾਂ ਨੂੰ ਮੁੱਖ ਰੱਖ ਕੇ ਸਿੱਖਿਆ ਪ੍ਰੋਗਰਾਮ ਨੂੰ ਵਧੇਰੇ ਸਫਲ ਬਣਾਉਣ ਲਈ ਵਰਤੋਂ ਵਿਚ ਲਿਆਂਦੇ ਗਏ ਵੇਖਣ ਅਤੇ ਸੁਣਨ ਵਾਲੇ ਸਾਧਨਾਂ ਨੂੰ ਦਰਿਸ਼ਟੀ-ਸਰੋਤ ਸਹਾਇਕ ਸਾਧਨ ਕਿਹਾ ਜਾਂਦਾ ਹੈ।

ਸਹਾਇਕ ਸਮੱਗਰੀ ਦੀ ਵਰਤੋਂ ਨਾਲ ਬੱਚੇ ਪਾਠ ਵਿਚ ਦਿਲਚਸਪੀ ਲੈਣ ਲੱਗ ਪੈਂਦੇ ਹਨ। ਜਮਾਤ ਦੇ ਕਮਰੇ ਦਾ ਸਾਰਾ ਵਾਤਾਵਰਣ ਬਦਲ ਜਾਂਦਾ ਹੈ। ਤਸਵੀਰਾਂ ਮਾਡਲਾਂ ਅਤੇ ਚਾਰਟਾਂ ਨਾਲ ਸੂਖਮ ਵਿਸ਼ੇ ਸਮਝਾਉਣੇ ਸੌਖੇ ਹੋ ਜਾਂਦੇ ਹਨ।

ਸਹਾਇਕ ਸਮੱਗਰੀ ਕਿਸੇ ਵੀ ਬੋਲੇ ਗਏ ਅਤੇ ਲਿਖੇ ਗਏ ਵਿਸ਼ੇ ਨੂੰ ਸਪੱਸ਼ਟ ਕਰਨ ਵਿਚ ਸਹਾਈ ਹੁੰਦੀ ਹੈ। ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੜ੍ਹਾਉਣ ਸਮੇਂ ਇਸ ਦੀ ਵਰਤੋਂ ਬੜੀ ਲਾਭਦਾਇਕ ਰਹਿੰਦੀ ਹੈ। ਜੇ ਸਿਆਣਾ ਅਧਿਆਪਕ ਔਖੀ ਵਸਤੂ ਨੂੰ ਤਸਵੀਰਾਂ ਜਾਂ ਚਾਰਟਾਂ ਦੀ ਮਦਦ ਨਾਲ ਸਮਝਾਉਣ ਦਾ ਯਤਨ ਕਰੇ ਤਾਂ ਸਫਲਤਾ ਯਕੀਨੀ ਹੈ। ਬੇਸ਼ੱਕ ਪ੍ਰਤੱਖ ਅਨੁਭਵਾਂ ਰਾਹੀਂ ਸੰਪੂਰਨ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਦੂਰ ਦੀਆਂ ਥਾਵਾਂ ਦੀ ਜਾਣਕਾਰੀ, ਸਿਤਾਰਿਆਂ ਅਤੇ ਗ੍ਰਹਿਆਂ ਦੀ ਜਾਣਕਾਰੀ, ਭੂਤਕਾਲ ਦੀਆਂ ਘਟਨਾਵਾਂ ਆਦਿ ਅਜਿਹੀਆਂ ਅਨੇਕਾਂ ਗੱਲਾਂ ਬਾਰੇ ਪ੍ਰਤੱਖ ਅਨੁਭਵਾਂ ਰਾਹੀਂ ਗਿਆਨ ਨਹੀਂ ਦਿੱਤਾ ਜਾ ਸਕਦਾ ਅਜਿਹੀਆਂ ਹਾਲਤਾਂ ਵਿਚ ਦੇਖਣ ਸੁਣਨ ਦੇ ਸਾਧਨ ਸਾਡੀ ਸਹਾਇਤਾ ਕਰਦੇ ਹਨ, ਜਿਹਨਾਂ ਰਾਹੀਂ ਸਾਡੇ ਅਨੁਭਵਾਂ ਵਿਚ ਪਕਿਆਈ ਆਉਂਦੀ ਹੈ।

ਬੋਲੀ ਸਿੱਖਿਆ ਲਈ ਵਰਤੋਂ ਵਿਚ ਆਉਣ ਵਾਲੇ ਕੁਝ ਦਰਿਸ਼ਟੀ-ਸ੍ਰੋਤ ਸਹਾਇਕ ਸਾਧਨ ਹੇਠ ਲਿਖੇ ਹਨ।

## 2.4.3 ਦਰਿਸ਼ਟੀ ਸ੍ਰੋਤ ਬਲੈਕ-ਬੋਰਡ

ਬਲੈਕ-ਬੋਰਡ ਸਭ ਨਾਲੋਂ ਸਸਤਾ ਅਤੇ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲਾ ਸਹਾਇਕ ਸਾਧਨ ਹੈ। ਕੋਈ ਵੀ ਵਿਸ਼ਾ ਪੜ੍ਹਾਉਣਾ ਹੋਵੇ, ਕਿਸੇ ਵੀ ਜਮਾਤ ਨੂੰ ਪੜ੍ਹਾਉਣਾ ਹੋਵੇ ਬਲੈਕ-ਬੋਰਡ ਤੋਂ ਬਿਨਾਂ ਅਧਿਆਪਕ ਦਾ ਗੁਜ਼ਾਰਾ ਨਹੀਂ ਹੋ ਸਕਦਾ। ਪਹਿਲਾਂ ਜ਼ਿਆਦਾ ਕਰਕੇ ਕਾਲਾ-ਤਖਤਾ ਹੀ ਸਿੱਖਿਆ ਦੇਣ ਵਾਸਤੇ ਵਰਤਿਆ ਜਾਂਦਾ ਸੀ। ਪਰ ਅੱਜ ਕੱਲ ਮਨੋਵਿਗਿਆਨੀਆਂ ਨੇ ਛੋਟੇ ਬੱਚਿਆਂ ਲਈ ਹਰੇ ਅਤੇ ਪੀਲੇ ਰੰਗਾਂ ਦੇ ਤਖਤਿਆਂ ਦੀ ਸਿਫਾਰਸ਼ ਕੀਤੀ ਹੈ। ਇਸ ਲਈ ਅਸੀਂ ਬਲੈਕ-ਬੋਰਡ ਦੀ ਜਗ੍ਹਾਂ ਬੋਰਡ ਨੂੰ ਚਾਕ-ਬੋਰਡ ਕਹਿੰਦੇ ਹਾਂ, ਬਲੈਕ-ਬੋਰਡ ਕਈ ਪ੍ਰਕਾਰ ਦੇ ਮਿਲਦੇ ਹਨ ਜਿਵੇਂ ਸਟੈਂਡ ਬੋਰਡ, ਦੀਵਾਰ ਤੇ ਲੱਗਾ ਤਖਤਾ ਤੇ ਰੋਲਰ ਟਾਈਪ ਤਖਤਾ। ਹਰੇਕ ਅਧਿਆਪਕ ਆਪਣੀ ਸਹੂਲਤ ਅਨੁਸਾਰ ਅਲੱਗ ਅਲੱਗ ਕਿਸਮ ਦੇ ਬਲੈਕ-ਬੋਰਡ ਵਰਤਦਾ ਹੈ।

ਸਿੱਖਿਆ ਦੇਣ ਸਮੇਂ ਔਖੇ ਸ਼ਬਦਾਂ ਦੇ ਅਰਥ ਲਿਖਣੇ, ਪੜ੍ਹੀ ਹੋਈ ਕਹਾਣੀ ਦਾ ਸਾਰ ਲਿਖਣਾ, ਵਾਕਾਂ ਵਿਚ ਵਰਤੋਂ ਕਰਨ ਲਈ ਮੁਹਾਵਰੇ ਤੇ ਵਾਕੰਸ਼ ਲਿਖਣੇ, ਚਿੱਠੀ-ਪੱਤਰ ਲਿਖਣ ਦਾ ਢੰਗ ਸਮਝਾਉਣਾ, ਲੇਖ-ਰਚਨਾ ਲਈ ਸੰਖੇਪ ਸੰਕੇਤ ਲਿਖਣੇ, ਵਿਆਕਰਨ ਨਾਲ ਸੰਬੰਧਤ ਹਰ ਪ੍ਰਕਾਰ ਦਾ ਕੰਮ ਆਦਿ ਸਭ ਲਈ ਬਲੈਕ-ਬੋਰਡ ਦੀ ਜ਼ਰੂਰਤ ਹੁੰਦੀ ਹੈ। ਛੋਟੇ ਬੱਚਿਆਂ ਨਾਲ ਸੰਬੰਧਤ ਹਰ ਪ੍ਰਕਾਰ ਦਾ ਕੰਮ ਆਦਿ ਸਭ ਲਈ ਬਲੈਕ-ਬੋਰਡ ਦੀ ਜ਼ਰੂਰਤ ਹੁੰਦੀ ਹੈ। ਛੋਟੇ ਬੱਚਿਆਂ ਨੂੰ ਲਿਖਣਾ ਸਿਖਾਉਣ ਲਈ ਅੱਖਰਾਂ ਦੀ ਬਣਤਰ ਤੇ ਅਭਿਆਸ ਬਲੈਕ-ਬੋਰਡ ਰਾਹੀਂ ਕੀਤੇ ਜਾਦੇ ਹਨ। ਬਲੈਕ-ਬੋਰਡ ਦੀ ਵਰਤੋਂ ਨਾਲ ਪੜ੍ਹਾਉਣ ਵਾਲਾ ਵਿਸ਼ਾ ਅਸਾਨ ਤੇ ਸੁਆਦਲਾ ਬਣ ਜਾਂਦਾ ਹੈ। ਸਿੱਖਿਆ ਵਿਧੀ ਵਿਚ ਨਵੀਨਤਾ ਆ ਜਾਂਦੀ ਹੈ।

ਸਿੱਖਿਆ ਦੇ ਅਧਿਆਪਕਾਂ ਨੂੰ ਬਲੈਕ-ਬੋਰਡ ਦੀ ਠੀਕ ਵਰਤੋਂ ਦੀ ਜਾਂਚ ਆਉਣੀ ਚਾਹੀਦੀ ਹੈ। ਬਲੈਕ ਬੋਰਡ ਤੇ ਹਮੇਸ਼ਾ ਸਾਫ਼ ਤੇ ਸ਼ੁੱਧ ਲਿਖਣਾ ਚਾਹੀਦਾ ਹੈ, ਲਾਈਨਾਂ ਸਿੱਧੀਆਂ ਹੋਣ, ਅੱਖਰਾਂ ਦੀ ਮੋਟਾਈ ਇੱਕੋ ਜਿਹੀ ਹੋਵੇ। ਬਲੈਕ-ਬੋਰਡ ਤੇ ਲਿਖਣ ਸਮੇਂ ਬੱਚਿਆਂ ਵੱਲ ਪਿੱਠ ਨਹੀਂ ਕਰਨੀ ਚਾਹੀਦੀ ਸਗੋਂ ਇੱਕ ਪਾਸੇ ਹੋ ਕੇ ਲਿਖਣਾ ਚਾਹੀਦਾ ਹੈ ਤਾਂ ਕਿ ਬੱਚਿਆਂ ਨੂੰ ਨਾਲੋ-ਨਾਲ ਦਿਸਦਾ ਰਹੇ ਤੇ ਉਹ ਸ਼ੋਰ ਵੀ ਨਾ ਕਰਨ ਤਾਂ ਕਿ ਜਮਾਤ ਵਿੱਚ ਅਨੁਸ਼ਾਸ਼ਨਹੀਣਤਾ ਨਾ ਪੈਦਾ ਹੋ ਜਾਵੇ। ਬਲੈਕ-ਬੋਰਡ ਦੀ ਯੋਗ ਸੰਭਾਲ ਕਰਨਾ ਵੀ ਅਧਿਆਪਕ ਦਾ ਫਰਜ਼ ਹੈ। ਸਮੇਂ-ਸਮੇਂ ਤੇ ਇਸ ਦੀ ਪਾਲਿਸ਼ ਕਰਵਾਉਣੀ ਜ਼ਰੂਰੀ ਹੈ। ਛੋਟੇ ਕੱਦ ਵਾਲੇ ਬੱਚੇ ਅਗਲੇ ਬੈਂਚਾਂ ਉਤੇ ਅਤੇ ਲੰਮੇ ਪਿਛੇ ਬਿਠਾਏ ਜਾਣ ਤਾਂ ਜੋ ਦੇਖਣ ਵਿਚ ਕੋਈ ਰੁਕਾਵਟ ਨਾ ਪਵੇ। ਬੋਰਡ ਉੱਤੇ ਚਾਨਣਾ ਵੀ ਓਨਾ ਹੀ ਪੈਣਾ ਚਾਹੀਦਾ ਹੈ ਜਿੰਨੀ ਕੁ ਲੋੜ ਹੋਵੇ। ਬਹੁਤਾ ਹਨੇਰਾ ਜਾਂ ਬਹੁਤਾ ਚਾਨਣਾ ਦੋਵੇਂ ਹੀ ਹਾਨੀਕਾਰਕ ਹਨ।

ਲਿਖਣ ਤੋਂ ਛੁੱਟ ਬਲੈਕ-ਬੋਰਡ ਦੀ ਵਰਤੋਂ ਕੋਈ ਸ਼ਕਲ, ਤਸਵੀਰ ਜਾਂ ਖਾਕਾ ਵਾਹੁਣ ਲਈ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦੇ ਧਿਆਨ ਨੂੰ ਇਕਾਗਰ ਕੀਤਾ ਜਾ ਸਕਦਾ ਹੈ। ਬਲੈਕ ਬੋਰਡ ਦੀ ਵਰਤੋਂ ਨਾਲ ਬੱਚਿਆਂ ਦੀਆਂ ਵਿਅਕਤੀਗਤ ਯੋਗਤਾਵਾਂ ਤੇ ਕਮਜ਼ੋਰੀਆਂ ਦਾ ਪਤਾ ਲਗਾਇਆ ਜਾ ਸਕਦਾ ਹੈ।

**ਚਾਰਟ**

ਸਿੱਖਿਆ ਵਿੱਚ ਚਾਰਟ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਉੱਤੇ ਸ਼ਬਦ ਤੇ ਵਾਕ ਲਿਖਕੇ, ਉਹਨਾਂ ਨਾਲ ਸੰਬੰਧਿਤ ਚਿੱਤਰ ਖਿੱਚ ਕੇ, ਛੋਟੇ ਬੱਚਿਆਂ ਨੂੰ ਪੜ੍ਹਨਾ ਸਿਖਾਇਆ ਜਾ ਸਕਦਾ ਹੈ। ਬੱਚਿਆਂ ਦਾ ਬੋਲ-ਚਾਲ ਦਾ ਕੰਮ, ਵਿਆਕਰਨ ਦਾ ਕੰਮ, ਲਿਖਤ ਰਚਨਾ ਦਾ ਕੰਮ ਆਦਿ ਚਾਰਟਾਂ ਦੀ ਸਹਾਇਤਾ ਨਾਲ ਸੌਖਾ ਅਤੇ ਮਨੋਰੰਜਨਕ ਬਣ ਜਾਂਦਾ ਹੈ। ਹਰੇਕ ਪਾਠ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਚਾਰਟ ਤਿਆਰ ਕੀਤੇ ਜਾ ਸਕਦੇ ਹਨ। ਚਾਰਟ ਬਣਾਉਣ ਵਾਲੀ ਸਮੱਗਰੀ ਸਰਲ ਤੇ ਸਪੱਸ਼ਟ ਹੋਣੀ ਚਾਹੀਦੀ ਹੈ ਪਰ ਚਾਰਟ ਤੇ ਸਿਰਲੇਖ ਦੇਣਾ ਜ਼ਰੂਰੀ ਹੈ। ਚਾਰਟ ਤੇ ਲਿਖੀ ਜਾਣ ਵਾਲੀ ਜਾਣਕਾਰੀ ਮੋਟੀ ਹੋਵੇ ਤਾਂ ਕਿ ਦੂਰ ਬੈਠੇ ਵਿਦਿਆਰਥੀ ਇਸ ਨੂੰ ਪੜ੍ਹ ਸਕਣ। ਅਧਿਆਪਕਾਂ ਨੂੰ ਟਰੇਨਿੰਗ ਸਕੂਲਾਂ ਅਤੇ ਕਾਲਜਾਂ ਵਿਚ ਚਾਰਟ ਤਿਆਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਚਾਰਟ ਦੇ ਪਿਛੇ ਉਪਰ ਨੀਚੇ ਗੱਤੇ ਦੀ ਹਲਕੀ ਜਿਹੀ ਫੱਟੀ ਲਗਾਉਣੀ ਚਾਹੀਦੀ ਹੈ ਤਾਂ ਕਿ ਚਾਰਟ ਸਿੱਧਾ ਰਹੇ ਅਤੇ ਟੰਗਣ ਵਾਸਤੇ ਵੀ ਜਗ੍ਹਾ ਬਣਾਉਣੀ ਚਾਹੀਦੀ ਹੈ।

**ਤਸਵੀਰਾਂ**

ਦਰਿਸ਼ਟੀ-ਸਹਾਇਕ ਸਾਧਨਾਂ ਵਿੱਚੋਂ ਤਸਵੀਰਾਂ ਬੜੀ ਉਪਯੋਗੀ ਸਮੱਗਰੀ ਹੈ। ਅੱਜ ਦਾ ਸਮਾਂ ਤਸਵੀਰਾਂ ਦਾ ਸਮਾਂ ਹੈ। ਬੱਚਾ ਆਪਣੇ ਜੀਵਨ ਵਿੱਚ ਚੁਫੇਰੇ ਤਸਵੀਰਾਂ ਹੀ ਤਸਵੀਰਾਂ ਦੇਖਦਾ ਰਹਿੰਦਾ ਹੈ। ਤਸਵੀਰ ਲਈ ਬੱਚੇ ਅੰਦਰ ਕੁਦਰਤੀ ਸ਼ੌਕ ਵੀ ਹੁੰਦਾ ਹੈ। ਛੋਟਾ ਬੱਚਾ ਪੁਸਤਕ ਪੜ੍ਹਨ ਦੀ ਸਮੱਰਥਾ ਰੱਖਦਾ ਹੋਵੇ ਜਾਂ ਨਾ, ਪ੍ਰੰਤੂ ਤਸਵੀਰਾਂ ਵੇਖਣ ਲਈ ਜ਼ਰੂਰੀ ਪੰਨੇ ਪਲਟੇਗਾ। ਬੱਚੇ ਦੇ ਇਸ ਸ਼ੌਕ ਨੂੰ ਸਿੱਖਿਆ ਖੇਤਰ ਵਿਚ ਕਦੀ ਵੀ ਉਪਯੋਗੀ ਧੰਦਿਆਂ ਲਈ ਵਰਤਿਆ ਜਾ ਸਕਦਾ ਹੈ।

ਹਰ ਪੱਧਰ ਉਤੇ ਮਾਤ-ਭਾਸ਼ਾ ਦੀ ਸਿੱਖਿਆ ਦਾ ਕੰਮ ਤਸਵੀਰਾਂ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਜੇ ਛੋਟੇ ਬੱਚੇ ਨੂੰ ਪੜ੍ਹਨਾ ਸ਼ੁਰੂ ਕਰਾਉਣਾ ਹੋਵੇ, ਤਾਂ ਉਹ ਤਸਵੀਰਾਂ ਦੀ ਸਹਾਇਤਾ ਨਾਲ ਜਲਦੀ ਸਿਖ ਲਵੇਗਾ। ਵਿਆਕਰਣ ਵਰਗਾ ਔਖਾ ਅਤੇ ਖੁਸ਼ਕ ਵਿਸ਼ਾ ਤਸਵੀਰਾਂ ਦੀ ਸਹਾਇਤਾ ਨਾਲ ਸਰਲ ਤੇ ਦਿਲਚਸਪ ਬਣਾਇਆ ਜਾ ਸਕਦਾ ਹੈ। ਚਿੱਤਰਾਂ ਰਾਹੀਂ ਲਿਖਤ ਰਚਨਾ ਦੇ ਅਭਿਆਸ ਦੇਣ ਬਾਰੇ ਤਾਂ ਸਿੱਖਿਆ ਖੇਤਰਾਂ ਵਿਚ ਆਮ ਚਰਚਾ ਹੈ। ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਤਿਆਰ ਕਰਕੇ ਵਿਸ਼ੇ ਨੂੰ ਜ਼ਿਆਦਾ ਸਰਲ ਅਤੇ ਮਨੋਰੰਜਕ ਬਣਾਇਆ ਜਾ ਸਕਦਾ ਹੈ। ਇਸ ਨਾਲ ਬੱਚਿਆਂ ਦੀ ਰੁਚੀ ਵੀ ਵਿਸ਼ੇ ਵਿਚ ਬਣੀ ਰਹਿੰਦੀ ਹੈ।

ਵਿਦਿਆਰਥੀਆਂ ਦੀ ਬੋਲ-ਚਾਲ, ਪੜ੍ਹਾਈ ਅਤੇ ਲਿਖਾਈ ਤਸਵੀਰਾਂ ਉਤੇ ਆਧਾਰਿਤ ਕੀਤੀ ਜਾ ਸਕਦੀ ਹੈ। ਤਸਵੀਰਾਂ ਰਾਹੀਂ ਪੇਸ਼ ਕੀਤੀਆਂ ਜੀਵਨ-ਝਾਕੀਆਂ, ਰੇਲਵੇ ਸਟੇਸ਼ਨ ਦਾ ਦ੍ਰਿਸ਼, ਦੁਕਾਨ, ਖੇਡ ਦਾ ਮੈਦਾਨ, ਪੁਲਸ ਦਾ ਸਿਪਾਹੀ, ਹਲ ਵਾਹੁੰਦਾ ਜੱਟ, ਚਿੱਠੀਆਂ ਵੰਡ ਰਿਹਾ ਡਾਕੀਆ, ਪਾਠ ਪੜ੍ਹਾ ਰਿਹਾ ਅਧਿਆਪਕ ਆਦਿ ਸਭ ਕੁਝ ਕਿਸੇ ਵੀ ਰੂਪ ਵਿਚ ਬੋਲੀ ਦੀ ਸਿੱਖਿਆ ਲਈ ਵਰਤਿਆ ਜਾ ਸਕਦਾ ਹੈ।

ਉਪੱਰਲੀਆਂ ਸ਼੍ਰੇਣੀਆਂ ਵਿੱਚ ਸਾਹਿਤ ਦਾ ਅਧਿਐਨ ਕਰਨ ਲਈ ਤਸਵੀਰਾਂ ਦੀ ਸਹਾਇਤਾ ਲਈ ਜਾ ਸਕਦੀ ਹੈ ਨਾਟਕ ਤੇ ਕਹਾਣੀ ਵਿਚਲੀ ਘਟਨਾ ਨੂੰ ਤਸਵੀਰਾਂ ਰਾਹੀਂ ਉਸਾਰਿਆ ਜਾ ਸਕਦਾ ਹੈ। ਪਿਛੋਕੜ ਅਤੇ ਵਾਤਾਵਰਣ ਉਸਾਰੀ ਵਿਚ ਤਸਵੀਰਾਂ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਤਸਵੀਰਾਂ ਵਿਚ ਪੇਸ਼ ਕੀਤੀਆਂ ਘਟਨਾਵਾਂ ਜਾਂ ਕਹਾਣੀ ਅੰਸ਼ਾਂ ਨੂੰ ਬੱਚਿਆਂ ਦੀ ਕਲਪਨਾ ਉਸਾਰੀ ਲਈ ਵਰਤਿਆ ਜਾ ਸਕਦਾ ਹੈ। ਤਸਵੀਰਾਂ ਬੱਚੇ ਦੇ ਸਾਹਮਣੇ ਰੱਖ ਕੇ ਉਸ ਨੂੰ ਉਹਨਾਂ ਦੇ ਆਧਾਰ ਤੇ ਕਹਾਣੀ-ਰਚਨਾ ਕਰਨ ਲਈ ਕਿਹਾ ਜਾ ਸਕਦਾ ਹੈ। ਮਨੋਵਿਗਿਆਨਕ ਦਰਿਸ਼ਟੀਕੋਣ ਤੋਂ ਵਿਦਿਆਰਥੀਆਂ ਦੇ ਮਾਨਸਿਕ ਅਧਿਐਨ ਲਈ ਇਹ ਢੰਗ ਬਹੁਤ ਹੀ ਲਾਭਦਾਇਕ ਸਿੱਧ ਹੁੰਦਾ ਹੈ।

ਰਾਇਬਰਨ ਅਨੁਸਾਰ ਰਚਨਾਤਮਿਕ ਕੰਮ ਵੀ ਤਸਵੀਰਾਂ ਦੀ ਸਹਾਇਤਾ ਰਾਹੀਂ ਕੀਤੇ ਜਾ ਸਕਦੇ ਹਨ ਵਿਦਿਆਰਥੀ ਕੋਈ ਵੀ ਕਵਿਤਾ ਪੜ੍ਹਦੇ ਹਨ ਅਤੇ ਕਵਿਤਾ ਵਿਚ ਅੰਕਿਤ ਕਵੀ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਹਨ। ਇਸ ਤੋਂ ਪਿਛੋਂ ਉਹਨਾਂ ਨੂੰ ਕਿਹਾ ਜਾਵੇ ਕਿ ਉਹ ਕਵੀ ਦੇ ਭਾਵ ਨੂੰ ਚਿੱਤਰ ਰਾਹੀਂ ਪੇਸ਼ ਕਰਨ ਅਰਥਾਤ ਜੋ ਵਿਚਾਰ ਸ਼ਬਦ ਮਾਧਿਅਮ ਦੁਆਰਾ ਕਵੀ ਨੇ ਪ੍ਰਗਟਾਇਆ ਹੈ ਉਸ ਨੂੰ ਚਿੱਤਰ ਮਾਧਿਅਮ ਦੁਆਰਾ ਵਿਦਿਆਰਥੀ ਪ੍ਰਗਟਾਉਣ ਦਾ ਯਤਨ ਕਰਨ। ਕਲਾ ਦੀ ਪਰਖ ਕਰਨ ਅਤੇ ਕਲਾ ਵਿਚਲੀ ਸੂਖਮਤਾ ਸਮਝਣ ਲਈ ਇਹ ਅਭਿਆਸ ਚੰਗਾ ਸਿੱਧ ਹੋ ਸਕਦਾ ਹੈ।

ਛੋਟੇ ਬੱਚਿਆਂ ਲਈ ਤਸਵੀਰਾਂ ਵਧੇਰੇ ਖਿੱਚ ਰਖਦੀਆਂ ਹਨ। ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਇਹਨਾਂ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਜਿਥੋਂ ਵੀ ਚੰਗੀਆਂ ਤਸਵੀਰਾਂ ਮਿਲਣ ਇਕੱਠੀਆਂ ਕਰ ਲੈਣੀਆਂ ਚਾਹੀਦੀਆਂ ਹਨ। ਬੱਚਿਆਂ ਦੇ ਮਾਨਸਿਕ ਪੱਧਰ ਅਤੇ ਉਹਨਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਤਸਵੀਰਾਂ ਨੂੰ ਤਰਤੀਬਵਾਰ ਰਖ ਲਿਆ ਜਾਵੇ ਤਾਂ ਜੋ ਲੋੜ ਪੈਣ ਸਮੇਂ ਵਰਤੋਂ ਕਰਨੀ ਸੌਖੀ ਹੋ ਜਾਵੇ।

## ਮਾਡਲ

ਜੋ ਕੁਝ ਬੱਚਿਆਂ ਨੂੰ ਅਸਲੀ ਰੂਪ ਵਿਚ ਨਹੀਂ ਦਿਖਾਇਆ ਜਾ ਸਕਦਾ, ਉਹ ਮਾਡਲ ਦੇ ਰੂਪ ਵਿਚ ਜਮਾਤ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ। ਤਸਵੀਰਾਂ ਵਾਂਗ ਹੀ ਬੋਲੀ-ਸਿੱਖਿਆ ਦੇ ਹਰ ਪੱਧਰ ਉੱਤੇ ਮਾਡਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਾਡਲ ਦਾ ਪ੍ਰਯੋਗ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਨੂੰ ਅਸਲ ਵਿਚ ਮੁੱਢਲਾ ਗਿਆਨ ਦਿੱਤਾ ਜਾਵੇ। ਇਸ ਦਾ ਭਾਵ ਹੈ ਅਨੁਭਵਾਂ ਨਾਲ ਪ੍ਰਤੱਖ ਸਬੰਧ। ਇਹ ਸਿੱਧਾ ਤਜਰਬਾ ਤਾਂ ਹੀ ਹੋ ਸਕਦਾ ਹੈ ਜੇਕਰ ਵਿਦਿਆਰਥੀ ਆਪ ਮਾਡਲ ਦੇਖੇ, ਮਹਿਸੂਸ ਕਰੇ, ਫੜੇ ਅਰਥਾਤ ਆਪਣੇ ਹੱਕਾਂ ਨਾਲ ਕੰਮ ਕਰੇ, ਮਾਡਲ ਦਾ ਹੋਰ ਲਾਭ ਇਹ ਹੈ ਕਿ ਵਿਦਿਆਰਥੀ ਦੀ ਖੋਜ ਅਤੇ ਕੰਮ ਕਰਨ ਦੀ ਰੁਚੀ ਨੂੰ ਉਤਸ਼ਾਹ ਦਿੰਦਾ ਹੈ। ਇਕ ਮਾਡਲ ਦੇਖ ਕੇ ਅਨੁਭਵ ਕਰਕੇ ਵਿਦਿਆਰਥੀ ਕਈ ਪ੍ਰਸ਼ਨ ਪੁੱਛਦਾ ਹੈ। ਇਹਨਾਂ ਪ੍ਰਸ਼ਨਾਂ ਦਾ ਉੱਤਰ ਅਧਿਆਪਕ ਲਈ ਜ਼ਰੂਰੀ ਹੁੰਦਾ ਹੈ। ਜਮਾਤ ਵਿੱਚ ਮੇਲੇ ਦੇ ਦ੍ਰਿਸ਼ ਦਾ ਮਾਡਲ ਬਣਾ ਕੇ ਬੱਚਿਆਂ ਨੂੰ ਉਸਦਾ ਅਨੁਭਵ ਕਰਵਾਇਆ ਜਾ ਸਕਦਾ ਹੈ। ਚਿੜਿਆ ਘਰ ਦਾ ਪੈਰ੍ਹਾ ਲਿਖਣ ਲਈ ਵੀ ਮਾਡਲ ਬਣਾਇਆ ਜਾ ਸਕਦਾ ਹੈ।

## ਰੇਡੀਓ

ਅੱਜ ਦੇ ਵਿਗਿਆਨ ਦੇ ਯੁੱਗ ਵਿਚ ਰੇਡੀਓ ਮਨੁੱਖ ਦੀ ਇੱਕ ਜ਼ਰੂਰਤ ਬਣ ਗਿਆ ਹੈ। ਮਨੋਰੰਜਨ ਤੋਂ ਛੁੱਟ ਇਹ ਸਿੱਖਿਆ ਦਾ ਵੀ ਇੱਕ ਸਹਾਇਕ ਸਾਧਨ ਬਣ ਗਿਆ ਹੈ: ਵਿਸ਼ੇਸ਼ ਕਰਕੇ ਬੋਲੀ ਸਿੱਖਣ ਵਿਚ ਰੇਡੀਓ ਇੱਕ ਵਧੀਆਂ ਸਹਾਇਕ ਸਾਧਨ ਹੈ। ਯੋਗ ਅਧਿਆਪਕਾਂ ਤੇ ਪ੍ਰੋਫੇਸਰਾਂ ਦੇ ਲੈਕਚਰ, ਵਾਦ-ਵਿਵਾਦ, ਡਰਾਮੇ, ਕਹਾਣੀਆਂ, ਚੁਟਕਲੇ, ਕਵਿਤਾਵਾਂ, ਸਫਰਨਾਮੇ ਆਦਿ ਬੋਲੀ ਸਿਖਣ ਦੇ ਸਾਧਨ, ਮੰਨੇ ਜਾ ਸਕਦੇ ਹਨ। ਬੋਲੀ-ਸਿੱਖਿਆ ਦੀ ਮੁੱਖ ਲੋੜ ਸ਼ੁੱਧ ਤੇ ਸਾਫ ਬੋਲਣਾ ਸਿਖਣਾ ਹੈ। ਇਸ ਲੋੜ ਦੀ ਪੂਰਤੀ ਬਹੁਤ ਹੱਦ ਤੱਕ ਰੇਡੀਓ ਰਾਹੀਂ ਹੋ ਸਕਦੀ ਹੈ। ਚੰਗੀ ਤੇ ਸ਼ੁੱਧ ਭਾਸ਼ਾ ਬੋਲਣ ਵਾਲੇ ਭਾਸ਼ਨਕਾਰਾਂ ਦੇ ਪ੍ਰੋਗਰਾਮ ਸੁਣਨ ਨਾਲ ਬੋਲੀ ਦਾ ਠੀਕ ਰੂਪ ਸਿੱਖਿਆ ਜਾ ਸਕਦਾ ਹੈ ਨਵੇਂ ਸ਼ਬਦ, ਵਿਚਾਰ, ਨਵੇਂ ਸ਼ਬਦਾਂ ਅਤੇ ਮੁਹਾਵਰਿਆਂ ਦਾ ਠੀਕ ਪ੍ਰਯੋਗ ਤੇ ਉਚਾਰਨ, ਰੇਡੀਓ ਰਾਹੀਂ ਸਿੱਖਿਆ ਜਾ ਸਕਦਾ ਹੈ। ਬੋਲ ਚਾਲ ਤੇ ਲਿਖਤੀ ਕੰਮ ਦੇ ਅਭਿਆਸ ਰੇਡੀਓ ਪ੍ਰੋਗਰਾਮ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ।

ਪੱਛਮੀ ਦੇਸ਼ਾਂ ਵਿਚ ਰੇਡੀਓ ਦੇ ਮਹੱਤਵ ਨੂੰ ਸਮਝਦੇ ਹੋਏ ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆਂ ਦਿਨ ਵਿਚ ਕਈ ਪ੍ਰੋਗਰਾਮ ਦਿੱਤੇ ਜਾਂਦੇ ਹਨ। ਬੀ.ਬੀ.ਸੀ. ਲੰਡਨ ਤੋਂ ਬੱਚਿਆਂ ਦੀ ਸਿੱਖਿਆ ਦੇ ਕਈ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਕੁਝ ਸਮੇਂ ਤੋਂ ਆਲ ਇੰਡੀਆ ਰੇਡੀਓ ਨੇ ਵੀ ਬੱਚਿਆਂ ਦੇ ਪ੍ਰੋਗਰਾਮ ਅਤੇ ਸਕੂਲ ਪ੍ਰੋਗਰਾਮ ਦੇਣੇ ਸ਼ੁਰੂ ਕੀਤੇ ਹਨ। ਰੇਡੀਓ ਸਟੇਸ਼ਨ ਦੇ ਅਧਿਕਾਰੀਆਂ ਨੂੰ ਵੀ ਪ੍ਰੇਰਿਆ ਗਿਆ ਹੈ ਜੋ ਵਧੇਰੇ ਵਿਦਿਅਕ ਪ੍ਰੋਗਰਾਮਾਂ ਦਾ ਪ੍ਰਸਾਰ ਕਰਨ। ਇਸ ਸਾਧਨ ਦੇ ਮੂਲ ਲਾਭ ਇਸ ਤਰ੍ਹਾਂ ਹਨ :-

ਰੇਡੀਓ ਰਾਹੀਂ ਇੱਕ ਹੀ ਕਿਸਮ ਦੀ ਸਿੱਖਿਆ ਇੱਕੋ ਹੀ ਸਮੇਂ ਕਈ ਸਾਰੇ ਜਮਾਤ ਕਮਰਿਆਂ ਵਿੱਚ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਧਨ ਦੀ, ਸਮੇਂ ਦੀ ਅਤੇ ਭਾਸ਼ਣ ਦੇਣ ਵਾਲਿਆਂ ਦੀ ਬੱਚਤ ਹੁੰਦੀ ਹੈ। ਰੇਡੀਓ ਰਾਹੀਂ ਸਾਧਾਰਨ ਜਮਾਤ ਵਿਚ ਉਹਨਾਂ ਵਿਦਵਾਨਾਂ ਦੇ ਵਿਚਾਰ ਪਹੁੰਚਾਏ ਜਾ ਸਕਦੇ ਹਨ ਜੋ ਥਾਂ-ਥਾਂ ਤੇ ਆਪ ਨਹੀਂ ਜਾ ਸਕਦੇ। ਰੇਡੀਓ ਤੋਂ ਪ੍ਰੋਗਰਾਮ ਸੁਣ ਕੇ ਬੱਚਿਆਂ ਵਿੱਚ ਵਿਚਾਰ ਵਟਾਂਦਰਾ ਕਰਨ ਦਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਅਧਿਆਪਕ ਹਮੇਸ਼ਾ ਰੇਡੀਓ ਪ੍ਰੋਗਰਾਮ ਤੋਂ ਬਾਅਦ ਵੱਖ ਵੱਖ ਕਿਸਮ ਦੇ ਵਾਦ-ਵਿਵਾਦ ਮੁਕਾਬਲੇ ਕਰਾਉਂਦੇ ਹਨ। ਇਸ ਤਰ੍ਹਾਂ ਬੱਚਿਆਂ ਵਿਚ ਸਵੈ-ਪ੍ਰਗਟਾਅ ਦੀ ਪ੍ਰਵਿਰਤੀ ਦਾ ਵਿਕਾਸ ਹੁੰਦਾ ਹੈ। ਰੇਡੀਓ ਰਾਹੀਂ ਅਸੀਂ ਜਮਾਤ ਦੇ ਨੀਰਸ, ਬੇ-ਸੁਆਦੀ ਅਤੇ ਫਿੱਕੇ ਜਿਹੇ ਵਾਤਾਵਰਣ ਨੂੰ ਮਨੋਰੰਜਕ ਬਣਾ ਸਕਦੇ ਹਾਂ। ਰੇਡੀਓ ਦੁਆਰਾ ਬੱਚਿਆਂ ਦੀ ਭਾਸ਼ਾ ਸੰਬੰਧੀ ਅਸ਼ੁੱਧੀਆਂ ਵੀ ਦੂਰ ਹੁੰਦੀਆਂ ਹਨ। ਉਹਨਾਂ ਦੀ ਸ਼ਬਦਾਵਲੀ ਵਿੱਚ ਕਾਫੀ ਵਾਧਾ ਹੁੰਦਾ ਹੈ।

ਸਿੱਖਿਆ ਵਿਚ ਰੇਡੀਓ ਕਿਤਨਾ ਉਪਯੋਗੀ ਹੋ ਸਕਦਾ ਹੈ, ਇਸ ਦਾ ਪਤਾ ਰੇਡੀਓ ਤੋਂ ਦਿੱਤੇ ਗਏ ਪ੍ਰੋਗਰਾਮ ਦੀ ਪੱਧਰ ਤੇ ਸਕੂਲ ਵਿਚ ਉਸ ਦੀ ਕੀਤੀ ਗਈ ਵਰਤੋਂ ਤੋਂ ਲਗ ਸਕਦਾ ਹੈ। ਰੇਡੀਓ ਵਾਸਤੇ ਸਕੂਲ ਪ੍ਰੋਗਰਾਮ ਅਤੇ ਬੱਚਿਆਂ ਦੇ ਪ੍ਰੋਗਰਾਮ ਤਿਆਰ ਕਰਨ ਲਈ ਅਧਿਆਪਕਾਂ ਦੀ ਕਮੇਟੀ ਬਣਨੀ ਚਾਹੀਦੀ ਹੈ। ਇਹਨਾਂ ਪ੍ਰੋਗਰਾਮਾਂ ਦੇ ਮੁੱਖ ਉਦੇਸ਼ ਬੱਚਿਆਂ ਦੀ ਆਮ ਜਾਣਕਾਰੀ ਵਿਚ ਵਾਧਾ ਕਰਨਾ ਹੋਣਾ ਚਾਹੀਦਾ ਹੈ। ਇਸ ਤੋਂ ਛੁੱਟ ਉਹਨਾਂ ਦੇ ਸਿਲੇਬਸ ਦੀਆਂ ਲੋੜਾਂ ਨੂੰ ਵੀ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਪ੍ਰੋਗਰਾਮ ਦੇ ਭਾਸ਼ਾ ਪੱਧਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਸਾਰਾ ਪ੍ਰੋਗਰਾਮ ਸ਼ੁੱਧ ਟਕਸਾਲੀ ਭਾਸ਼ਾ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਵਿਚ ਬੋਲੀ ਦਾ ਸ਼ੁੱਧ ਰੂਪ ਕਾਇਮ ਕੀਤਾ ਜਾ ਸਕੇ। ਪ੍ਰੋਗਰਾਮ ਦੇ ਵਿਸਥਾਰ ਦੀ ਕਾਪੀ ਸਾਰੇ ਸਕੂਲਾਂ ਵਿਚ ਪਹਿਲਾਂ ਹੀ ਪਹੁੰਚ ਜਾਣੀ ਚਾਹੀਦੀ ਹੈ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਰੇਡੀਓ ਤੋਂ ਆਉਣ ਵਾਲੇ ਪ੍ਰੋਗਰਾਮ ਵਾਸਤੇ ਤਿਆਰ ਕਰ ਸਕਣ।

ਰੇਡੀਓ ਸਿੱਖਿਆ ਦਾ ਇੱਕ ਸਹਾਇਕ-ਸਾਧਨ ਹੈ। ਪਰੰਤੂ ਫਿਰ ਵੀ ਇਸ ਸਾਧਨ ਦੀ ਵਰਤੋਂ ਸਾਡੇ ਸਕੂਲਾਂ ਵਿਚ ਬਹੁਤ ਹੀ ਘੱਟ ਹੁੰਦੀ ਹੈ। ਇਸ ਦੇ ਕਈ ਕਾਰਨ ਹਨ। ਸਕੂਲਾਂ ਕੋਲ ਇਤਨੇ ਫੰਡ ਨਹੀਂ ਹੁੰਦੇ ਕਿ ਉਹ ਰੇਡੀਓ ਖਰੀਦ ਸਕਣ। ਪਿੰਡਾਂ ਦੇ ਸਕੂਲਾਂ ਦੀ ਇਕ ਵੱਡੀ ਸਮੱਸਿਆ ਹੈ ਕਿ ਉਥੇ ਅਕਸਰ ਬਿਜਲੀ ਨਹੀਂ ਹੁੰਦੀ। ਅੱਜ-ਕਲ੍ਹ ਪੰਜਾਬ ਵਿਚ ਸਾਰੇ ਪ੍ਰਾਇਮਰੀ ਸਕੂਲਾਂ ਨੂੰ ਸਰਕਾਰ ਵਲੋਂ ਰੇਡੀਓ ਸੈਟੱ ਦਿੱਤੇ ਗਏ ਹਨ।

## ਟੈਲੀਵਿਜ਼ਨ

ਰੇਡੀਓ ਵਾਂਗ ਟੈਲੀਵੀਜ਼ਨ ਵੀ ਸਿੱਖਿਆ ਦਾ ਇੱਕ ਸਹਾਇਕ ਸਾਧਨ ਹੈ। ਇਹ ਦ੍ਰਿਸ਼ਟੀ ਅਤੇ ਸਰੋਤ ਦੋਵੇਂ ਸਾਧਨਾਂ ਦਾ ਸੁਮੇਲ ਹੋਣ ਕਰਕੇ ਵਧੇਰੇ ਲਾਭਦਾਇਕ ਸਿੱਧ ਹੋ ਸਕਦਾ ਹੈ। ਐਨ.ਸੀ.ਆਰ.ਟੀ., ਜਲੰਧਰ ਦੂਰਦਰਸ਼ਨ ਦੇ ਸਿੱਖਿਆ ਪ੍ਰੋਗਰਾਮ ਅਤੇ ਦਿੱਲੀ ਦੀ ਇਗਨੋ ਯੂਨੀਵਰਸਿਟੀ ਦੇ ਪ੍ਰੋਗਰਾਮ ਇਸ ਦੀ ਸਹਾਇਤਾ ਰਾਹੀਂ ਵਿਦਿਆਰਥੀਆਂ ਤਕ ਪਹੁੰਚਾਏ ਜਾ ਰਹੇ ਹਨ। ਸਕੂਲ ਵਿਚੋਂ ਵੀ ਇਸ ਦੀ ਵਰਤੋਂ ਕਰਕੇ ਅਸੀਂ ਪੰਜਾਬੀ ਸਭਿਆਚਾਰ, ਵੱਡੇ ਵੱਡੇ ਵਿਦਵਾਨਾਂ ਦੇ ਭਾਸ਼ਣ ਆਦਿ ਪ੍ਰੋਗਰਾਮ ਦਿਖਾ ਸਕਦੇ ਹਾਂ।

ਸਿੱਖਿਆ ਵਿਚ ਫਿਲਮਾਂ ਦਾ ਜ਼ਰੂਰੀ ਸਥਾਨ ਹੈ। ਫਿਲਮਾਂ ਰਾਹੀਂ ਵਿਦਿਆਰਥੀਆਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ ਤੇ ਸਿੱਖਿਆ ਵੀ ਮਿਲ ਜਾਂਦੀ ਹੈ।

ਪੱਛਮੀ ਦੇਸ਼ਾਂ ਵਿਚ ਫਿਲਮਾਂ ਸਿੱਖਿਆ ਦਾ ਇੱਕ ਅਹਿਮ ਸਾਧਨ ਹਨ। ਇਹਨਾਂ ਦੇਸ਼ਾਂ ਵਿਚ ਸਿੱਖਿਆ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਵਿਸ਼ੇਸ਼ ਫਿਲਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੜ੍ਹਨਾ ਸਿਖਣਾ, ਬੋਲਚਾਲ ਦੇ ਅਭਿਆਸ ਦੇਣਾ, ਸੁਲੇਖ ਮਾਲਾ ਆਦਿ ਲਈ ਵਿਸ਼ੇਸ਼ ਫਿਲਮਾਂ ਮਿਲਦੀਆਂ ਹਨ। ਉਚਾਰਨ ਢੰਗ ਨੂੰ ਸੁਧਾਰਨ ਲਈ ਸਵਰ ਗਿਆਨ ਵੀ ਫਿਲਮੀ ਤਸਵੀਰਾਂ ਰਾਹੀਂ ਦਿੱਤਾ ਜਾਂਦਾ ਹੈ। ਬੋਲਚਾਲ ਅਤੇ ਲਿਖਤੀ ਪ੍ਰਗਟਾਅ ਦੇ ਅਭਿਆਸ ਦੇਣ ਲਈ ਫਿਲਮਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ ਲੇਖ ਰਚਨਾ ਅਤੇ ਲਿਖਤੀ ਲੇਖ-ਰਚਨਾ ਦੇ ਕੰਮ ਨੂੰ ਫਿਲਮਾਂ ਰਾਹੀਂ ਸੋਖਾ ਬਣਾਇਆ ਜਾ ਸਕਦਾ ਹੈ। ਵਿਸ਼ੇਸ਼ ਕਰਕੇ ਕਵਿਤਾ ਵਿਚਲੇ ਸੂਖਮ ਭਾਵ ਨੂੰ ਸਮਝਣ ਲਈ ਨਾਲੋ-ਨਾਲ ਫਿਲਮਾਈ ਗਈ ਵਿਚਾਰਧਾਰਾ ਬੜੀ ਸਹਾਈ ਸਿੱਧ ਹੁੰਦੀ ਹੈ।

ਕੁਲ ਫਿਲਮ ਦਸਤਕਾਰੀ ਨਾ ਕੇਵਲ ਆਮ ਲੋਕਾਂ ਦੇ ਸੁਹਜ-ਸੁਆਦ ਦਾ ਪੱਧਰ ਉਚੇਰਾ ਕਰਦੀ ਹੈ। ਸਗੋਂ ਉਹਨਾਂ ਦੇ ਜੀਵਨ ਦੀਆਂ ਕਈ ਗੁੰਝਲਦਾਰ ਭਾਵੁਕ ਸਮੱਸਿਆਵਾਂ ਹੱਲ ਕਰਨ ਵਿਚ ਅਗਵਾਈ ਕਰਦੀ ਹੈ। ਪਰੰਤੂ ਇਸ ਦੇ ਉਲਟ ਕੁਝ ਫਿਲਮ ਦਸਤਕਾਰੀ ਨਿਰੋਲ ਵਪਾਰਕ ਦ੍ਰਿਸ਼ਟੀਕੋਣ ਨੂੰ ਹੀ ਸਾਹਮਣੇ ਰਖਦੀ ਹੈ।

ਕਿਸੇ ਵੀ ਬੋਲੀ ਨੂੰ ਸਿੱਖਣ ਲਈ ਪੰਜਾਬੀ ਜੀਵਨ ਦੀ ਧੜਕਣ ਨੂੰ ਵੇਖਣਾ, ਮਹਿਸੂਸ ਕਰਨਾ ਤੇ ਮਾਨਣਾ ਜ਼ਰੂਰੀ ਹੈ। ਬੋਲੀ ਸਾਡੇ ਸੱਭਿਆਚਾਰ, ਰਸਮੋਂ-ਰਿਵਾਜ਼, ਸਥਾਪਤ ਸੰਸਥਾਵਾਂ, ਸਮਾਜਿਕ-ਵਾਤਾਵਰਣ ਅਤੇ ਲੋਕਾਂ ਦੇ ਇਤਿਹਾਸ ਵਿਚੋਂ ਉਪਜਦੀ ਹੈ ਅਤੇ ਇਹ ਸਭ ਕੁਝ ਸਾਨੂੰ ਫਿਲਮਾਂ ਜੀਉਂਦੇ-ਜਾਗਦੇ ਰੂਪ ਵਿਚ ਦਿੰਦੀਆਂ ਹਨ। ਪਰੰਤੂ ਫਿਰ ਵੀ ਭਾਰਤ ਵਿਚ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਪੰਜਾਬੀ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੇ।

ਫਿਲਮਾਂ ਇਕ ਅਜਿਹਾ ਸਾਧਨ ਹਨ ਜਿਸ ਨਾਲ ਸਿੱਖਿਆ ਦੀ ਪ੍ਰਾਪਤੀ ਦੇ ਨਾਲ ਨਾਲ ਵਿਦਿਆਰਥੀਆਂ ਦਾ ਮਨੋਰੰਜਨ ਵੀ ਹੋ ਸਕਦਾ ਹੈ। ਪਰੰਤੂ ਇਹ ਬੜੇ ਹੀ ਦੁਖ ਦੀ ਗੱਲ ਹੈ ਕਿ ਸਾਡੇ ਦੇਸ਼ ਵਿਚ ਅਜੇ ਤੱਕ ਇਸ ਦੇ ਮਹੱਤਵ ਨੂੰ ਨਹੀਂ ਸਮਝਿਆ ਗਿਆ ਸਕੂਲਾਂ ਵਿਚ ਫਿਲਮਾਂ ਦਿਖਾਉਣ ਲਈ ਇਕ ਪ੍ਰਜੈਕਟਰ ਚਾਹੀਦਾ ਹੈ, ਫਿਲਮਾਂ ਚਾਹੀਦੀਆਂ ਹਨ, ਫਿਲਮਾਂ ਦਿਖਾਉਣ ਲਈ ਕਮਰਾ ਚਾਹੀਦਾ ਹੈ ਜਿਸ ਤੇ ਕਾਫੀ ਧਨ ਖਰਚ ਹੁੰਦਾ ਹੈ। ਸਾਰਰੇ ਸਕੂਲਾਂ ਦੀ ਆਰਥਿਕ ਹਾਲਤ ਇਤਨੀ ਸੁਧਰੀ ਹੋਈ ਨਹੀਂ ਹੈ ਕਿ ਹਰੇਕ ਪ੍ਰੋਜੈਕਟਰ ਖਰੀਦ ਸਕੇ। ਕੁਝ ਸਥਾਨਕ ਸਕੂਲ ਰਲ ਕੇ ਸਾਂਝਾ ਪ੍ਰੋਜੈਕਟਰ ਖਰੀਦ ਸਕਦੇ ਹਨ ਤੇ ਫਿਰ ਇਸ ਨੂੰ ਵਾਰੀ-ਵਾਰੀ ਵਰਤ ਸਕਦੇ ਹਨ। ਲੋਕ-ਸੰਪਰਕ ਵਿਭਾਗ ਦੀ ਸਹਾਇਤਾ ਲੈ ਕੇ ਵੀ ਫਿਲਮ ਸ਼ੋਅ ਕੀਤੇ ਜਾ ਸਕਦੇ ਹਨ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸ ਸਾਧਨ ਦੀ ਵਰਤੋਂ ਤਾਂ ਅਸੀਂ ਕਰ ਸਕਦੇ ਹਾਂ ਪਰੰਤੂ ਲੋੜ ਹੈ ਚੰਗੇ ਸੁਸ਼ੀਲ ਤੇ ਮਿਹਨਤੀ ਅਧਿਆਪਕਾਂ ਦੀ ਜੋ ਇਹਨਾਂ ਦਾ ਯੋਗ ਪ੍ਰਬੰਧ ਕਰ ਸਕਣ।

## ਗ੍ਰਾਮੋਫੋਨ ਤੇ ਟੇਪ ਰਿਕਾਰਡਰ

ਗ੍ਰਾਮੋਫੋਨ ਵੀ ਸੁਣਨ ਦਾ ਇਕ ਸਾਧਨ ਹੈ। ਬੇਸ਼ਕ ਟੇਪ-ਰਿਕਾਰਡ ਅਤੇ ਰੇਡੀਓ ਨੇ ਗ੍ਰਾਮੋਫੋਨ ਦੀ ਮਹਾਨਤਾ ਘਟਾ ਦਿੱਤੀ ਹੈ ਫਿਰ ਵੀ ਪਿੰਡਾਂ, ਕਸਬਿਆਂ ਵਿਚ ਜਿੱਥੇ ਅਜੇ ਰੇਡੀਓ ਨਹੀਂ ਪਹੁੰਚਿਆ ਤੇ ਬਿਜਲੀ ਦੀਆਂ ਸਹੂਲਤਾਂ ਵੀ ਨਹੀਂ ਉਥੇ ਗ੍ਰਾਮੋਫੋਨ ਹੀ ਵਰਤਿਆ ਜਾਂਦਾ ਹੈ। ਇਹ ਮਨੋਰੰਜਨ ਦਾ ਸਾਧਨ ਵੀ ਹੈ ਤੇ ਸਿੱਖਿਆ ਦਾ ਵੀ। ਮਾਤ-ਭਾਸ਼ਾ ਦੀ ਸਿੱਖਿਆ ਲਈ ਗ੍ਰਾਮੋਫੋਨ ਦੀ ਵਰਤੋਂ ਕੀਤੀ ਜਾਂਦੀ ਹੈ। ਬੱਚਿਆਂ ਦੀ ਬੋਲਚਾਲ, ਉਚਾਰਨ, ਠੀਕ ਪੜ੍ਹਨ ਢੰਗ ਗ੍ਰਹਿਣ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਭਾਸ਼ਾ ਵਿਚ ਵਿਦਵਾਨ ਲੋਕਾਂ ਦੀਆਂ ਤਕਰੀਰਾਂ ਨੂੰ ਜਮਾਤ ਵਿਚ ਸੁਣਾਇਆ ਜਾ ਸਕਦਾ ਹੈ। ਇਹ ਰਿਕਾਰਡ ਬੱਚਿਆਂ ਵਿਚ ਚੰਗੀਆਂ ਤਕਰੀਰਾਂ ਕਰਨ ਦੀ ਰੁਚੀ ਭਰਦੇ ਹਨ। ਚੰਗੇ ਸ਼ੁੱਧ ਤੇ ਕਲਾਮਈ ਭਾਸ਼ਨਾਂ ਰਾਹੀਂ ਵਿਦਿਆਰਥੀਆਂ ਦੀ ਭਾਸ਼ਾ-ਯੋਗਤਾ ਵਿਚ ਵਾਧਾ ਹੁੰਦਾ ਹੈ। ਪੜ੍ਹਨ ਦੀ ਠੀਕ ਚਾਲ ਤੇ ਆਵਾਜ਼ ਉਤਾਰ ਚੜ੍ਹਾਅ ਇਸ ਰਾਹੀਂ ਸਿਖਾਇਆ ਜਾ ਸਕਦਾ ਹੈ। ਇਸਦੇ ਰਿਕਾਰਡ ਜਿਨ੍ਹਾਂ ਨੂੰ ਤਵੇ ਵੀ ਕਹਿੰਦੇ ਹਨ, ਅੱਜਕਲ ਸਰਲਤਾ ਨਾਲ ਨਹੀਂ ਮਿਲਦੇ। ਇਸ ਰਾਹੀਂ ਬੱਚਿਆਂ ਨੂੰ ਪੁਰਾਣਿਆਂ ਰਿਕਾਰਡਿੰਗਾਂ ਸੁਣਾਈਆਂ ਜਾ ਸਕਦੀਆਂ ਹਨ। ਪੁਰਾਣਾ ਸਾਧਨ ਹੋਣ ਕਾਰਨ ਬੱਚਿਆਂ ਵਿਚ ਇਹ ਮਨੋਵਿਗਿਆਨਕ ਖਿੱਚ ਵੀ ਪੈਦਾ ਕਰਦਾ ਹੈ।

ਟੇਪ ਰਿਕਾਰਡ ਦਾ ਖੇਤਰ ਗ੍ਰਾਮਾਫੋਨ ਨਾਲੋਂ ਵਿਸ਼ਾਲ ਹੈ। ਇਹ ਸਾਧਨ ਇਤਨੇ ਸਰਲ ਰੂਪ ਵਿਚ ਪ੍ਰਾਪਤ ਹੁੰਦਾ ਹੈ ਕਿ ਕੋਈ ਵੀ ਆਦਮੀ ਬਿਨਾਂ ਤਕਲੀਫ ਦੇ ਆਵਾਜ਼ ਰਿਕਾਰਡ ਕਰ ਸਕਦਾ ਹੈ। ਟੇਪ-ਰਿਕਾਰਡ ਨੂੰ ਚਲਾਉਣ ਜਾਂ ਸੰਭਾਲਣ ਲਈ ਕਿਸੇ ਵਿਸ਼ੇਸ਼ ਯੋਗਤਾ ਦੀ ਵੀ ਲੋੜ ਨਹੀਂ ਹੁੰਦੀ। ਪਹਿਲਾਂ ਪਹਿਲ ਇਸ ਸਾਧਨ ਦੀ ਵਰਤੋਂ ਮਨੋਰੰਜਨ ਆਦਿ ਦੇ ਖੇਤਰ ਵਿਚ ਹੀ ਹੁੰਦੀ ਸੀ ਪਰ ਜਦੋਂ ਤੋਂ ਸਿੱਖਿਆ ਨੇ ਨਵੀਨ ਰੂਪ ਧਾਰਿਆ ਹੈ ਇਸ ਸਾਧਨ ਦੀ ਮਹੱਤਤਾ ਸਿੱਖਿਆ ਦੇ ਖੇਤਰ ਵਿਚ ਵਧੇਰੇ ਹੋਣ ਲੱਗੀ ਹੈ। ਟੇਪ-ਰਿਕਾਰਡਰ ਨਾਲ ਔਖੇ ਪਾਠ ਰਿਕਾਰਡ ਕਰਕੇ ਦੋਬਾਰਾ ਵਰਤੋਂ ਵਿਚ ਲਿਆਂਦੇ ਜਾ ਸਕਦੇ ਹਨ। ਇਸ ਤਰ੍ਹਾਂ ਕਰਨ ਨਾਲ ਅਧਿਆਪਕ ਦੀ ਖੇਚਲ ਬਚ ਜਾਂਦੀ ਹੈ ਅਤੇ ਉਸ ਦੀ ਗੈਰ-ਹਾਜ਼ਰੀ ਵਿਚ ਵੀ ਸਿੱਖਿਆ ਦਾ ਕੰਮ ਜਾਰੀ ਰਹਿ ਸਕਦਾ ਹੈ। ਭਾਸ਼ਨਾਂ ਤੋਂ ਛੁੱਟ ਚੰਗੇ ਕੌਮੀ ਗੀਤ, ਕਵਿਤਾਵਾਂ ਆਦਿ ਵੀ ਰਿਕਾਰਡ ਕਰਨੇ ਚਾਹੀਦੇ ਹਨ। ਇਸ ਦੀ ਸਹਾਇਤਾ ਨਾਲ ਬੱਚਿਆਂ ਨੂੰ ਗੀਤ ਯਾਦ ਕਰਵਾਏ ਜਾ ਸਕਦੇ ਹਨ। ਠੀਕ ਢੰਗ ਨਾਲ ਕਵਿਤਾ ਪਾਠ ਦੀ ਟਰੇਨਿੰਗ ਦਿੱਤੀ ਜਾ ਸਕਦੀ ਹੈ। ਕਦੀ-ਕਦੀ ਬੱਚਿਆਂ ਦੇ ਗੀਤ ਅਤੇ ਉਹਨਾਂ ਦੇ ਨਿਕੇ ਨਿਕੇ ਭਾਸ਼ਣ ਵੀ ਰਿਕਾਰਡ ਕਰਨੇ ਚਾਹੀਦੇ ਹਨ। ਰਿਕਾਰਡ ਕੀਤੀ ਗਈ ਆਪਣੀ ਆਵਾਜ਼ ਨੂੰ ਸੁਣ ਕੇ ਉਹਨਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ ਤੇ ਉਹਨਾਂ ਦਾ ਉਤਸ਼ਾਹ ਵੱਧਦਾ ਹੈ।

## ਐਪੀਡਾਇਆਸਕੋਪ

ਐਪੀਡਾਇਆਸਕੋਪ ਇਕ ਅਜਿਹਾ ਸਾਧਨ ਹੈ ਜਿਸ ਨਾਲ ਛੋਟੀ ਵਸਤੂ ਨੂੰ ਵੱਡੇ ਰੂਪ ਵਿਚ ਪਰਦੇ ਤੇ ਵਿਖਾਇਆ ਜਾ ਸਕਦਾ ਹੈ। ਐਪੀਡਾਇਆਸਕੋਪ ਸਲਾਈਡ ਪ੍ਰੋਜੈਕਟਰ ਦਾ ਇਕ ਸੁਧਾਰਿਆ ਰੂਪ ਹੈ। ਸਲਾਈਡ ਪ੍ਰੋਜੈਕਟਰ ਲਈ ਸਲਾਈਡਾਂ ਦੀ ਲੋੜ ਪੈਂਦੀ ਹੈ। ਇਹਨਾਂ ਸਲਾਈਡਾਂ ਨੂੰ ਜੇ ਬਾਹਰੋਂ ਖਰੀਦਿਆ ਜਾਵੇ ਤਾਂ ਸਕੂਲ ਦੀ ਮਾਲੀ ਹਾਲਤ ਤੇ ਬਹੁਤ ਅਸਰ ਪੈਂਦਾ ਹੈ ਇਹਨਾਂ ਨੂੰ ਜੇ ਸਕੂਲ ਵਿਚ ਬਣਾਇਆ ਜਾਵੇ ਤਾਂ ਵੀ ਕਾਫੀ ਸਮਾਂ, ਧਨ, ਖਰਚ ਹੋਣ ਦੀ ਸੰਭਾਵਨਾ ਹੁੰਦੀ ਹੈ। ਸਲਾਈਡਾਂ ਤਿਆਰ ਕਰਨ ਦੀ ਸਮੱਸਿਆ ਤੇ ਕਾਬੂ ਪਾਉਣ ਲਈ ਹੀ ਐਪੀਡਾਇਆਸਕੋਪ ਦੀ ਵਰਤੋਂ ਕੀਤੀ ਜਾਂਦੀ ਹੈ।

ਬੁਣਾਈ ਦੇ ਨਮੂਨੇ ਸਬਜੀਆਂ ਜਾਂ ਫਲਾਂ ਦੀਆਂ ਕਿਸਮਾਂ ਤੇ ਹਿੱਸੇ, ਖਾਨਾਂ ਦੀਆਂ ਕਿਸਮਾਂ, ਮਨੁੱਖ ਦੇ ਵੱਖ-ਵੱਖ ਪਹਿਰਾਵਿਆਂ ਬਾਰੇ ਜਾਣਕਾਰੀ ਦੇਣ ਲਈ ਐਪੀਡਾਇਆਸਕੋਪ ਬੜਾ ਲਾਭਵੰਦ ਸਿੱਧ ਹੁੰਦਾ ਹੈ।

## ਲਿੰਗੁਆਫੋਨ

ਇਹ ਗ੍ਰਾਮੋਫੋਨ ਦੀ ਇੱਕ ਕਿਸਮ ਹੈ। ਇਸ ਦੀ ਵਰਤੋਂ ਨਵੀਂ ਭਾਸ਼ਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦੇਣ ਵਾਸਤੇ ਕੀਤੀ ਜਾਂਦੀ ਹੈ। ਖਾਸ ਕਰਕੇ ਬੱਚਿਆਂ ਨੂੰ ਵਿਦੇਸ਼ੀ ਭਾਸ਼ਾਵਾਂ ਦਾ ਉਚਾਰਣ ਸਿਖਾਉਣ ਲਈ ਵਿਦੇਸ਼ੀ ਵਿਦਵਾਨਾਂ ਦੀ ਲੋੜ ਪੈਂਦੀ ਹੈ। ਪਰ ਵਿਦੇਸ਼ੀ ਲੋਕ ਥਾਂ-ਥਾਂ ਤੇ ਹਰ ਮੌਕੇ ਤੇ ਨਹੀਂ ਪਹੁੰਚਾਏ ਜਾ ਸਕਦੇ। ਸੋ ਉਹਨਾਂ ਦੀ ਆਵਾਜ਼ ਨੂੰ ਰਿਕਾਰਡ ਦੇ ਰੂਪ ਵਿਚ ਕੰਟਰੋਲ ਕਰਕੇ ਬੱਚਿਆਂ ਨੂੰ ਜਮਾਤ ਵਿਚ ਸੁਣਾਇਆ ਜਾ ਸਕਦਾ ਹੈ। ਵਧੀਆ ਲਿੰਗੁਆਫੋਨ ਦੇ ਵਿਚ ਆਵਾਜ਼ ਵਿਚ ਰਿਕਾਰਡ ਕਰਨ ਦਾ ਸਾਧਨ ਲਗਾ ਹੁੰਦਾ ਹੈ। ਕਿਸੇ ਵੀ ਵੇਲੇ ਬੱਚਿਆਂ ਜਾਂ ਅਧਿਆਪਕਾਂ ਦੀ ਆਵਾਜ ਰਿਕਾਰਡ ਕਰਕੇ ਉਸ ਵੇਲੇ ਹੀ ਉਸ ਨੂੰ ਫੇਰ ਲਿੰਗੁਆਫੋਨ ਰਾਹੀਂ ਬੱਚਿਆਂ ਨੂੰ ਸੁਣਾਇਆ ਜਾ ਸਕਦਾ ਹੈ। ਜਿਹਨਾਂ ਵਿਦਿਆਰਥੀਆਂ ਦੀ ਬੋਲਣ ਦੀ ਵਿਧੀ ਨੁਕਸ ਭਰੀ ਹੈ, ਉਹਨਾਂ ਵਾਸਤੇ ਇਹ ਸਾਧਨ ਬੜਾ ਲਾਭਦਾਇਕ ਹੁੰਦਾ ਹੈ। ਹਰ ਸਕੂਲ ਵਿਚ ਲਿੰਗੁਆਫੋਨ ਜ਼ਰੂਰੀ ਹੋਣਾ ਚਾਹੀਦਾ ਹੈ। ਲਿੰਗੁਆਫੋਨ ਦੀ ਵਰਤੋਂ ਕਰਨ ਤੋਂ ਬਾਦ ਵਿਦਿਆਰਥੀਆਂ ਤੇ ਅਧਿਆਪਕ ਦਾ ਆਪਸ ਵਿਚ ਵਿਚਾਰ ਵਟਾਂਦਰਾ ਹੋਣਾ ਜ਼ਰੂਰੀ ਹੈ।

## ਵਿੱਦਿਅਕ-ਭਰਮਣ

ਵਿਦਿਆਰਥੀਆਂ ਦੀ ਸੋਚ ਅਤੇ ਰਵੱਈਏ ਨੂੰ ਪ੍ਰਭਾਵਿਤ ਕਰਨ ਲਈ ਵਿਦਿਅਕ ਭਰਮਣ ਬਹੁਤ ਲਾਭਦਾਇਕ ਹਨ। ਪੱਛਮੀ ਦੇਸ਼ਾਂ ਵਿਚ ਵਿਆਪਕ ਸੈਰ-ਸਪਾਟੇ ਪੜ੍ਹਨ ਦੇ ਪ੍ਰੋਗਰਾਮਾਂ ਦਾ ਜ਼ਰੂਰੀ ਹਿੱਸਾ ਹੁੰਦੇ ਹਨ। ਪ੍ਰੰਤੂ ਸਾਡੇ ਦੇਸ਼ ਵਿਚ ਇਹਨਾਂ ਦਾ ਜ਼ਿਆਦਾ ਰਿਵਾਜ਼ ਨਹੀਂ ਹੈ। ਪੂਰੇ ਸਾਲ ਵਿਚ ਇਕ ਅੱਧੀ ਵਾਰੀ ਹੀ ਬੱਚਿਆਂ ਨੂੰ ਸੈਰ-ਸਪਾਟੇ ਲਈ ਲਿਜਾਇਆ ਜਾਂਦਾ ਹੈ। ਫਿਰ ਵੀ ਇਸ ਭਰਮਣ ਨੂੰ ਵੱਧ ਭਰਪੂਰ ਤੇ ਉਪਯੋਗੀ ਬਣਾਇਆ ਜਾਣਾ ਚਾਹੀਦਾ ਹੈ। ਸਾਡੇ ਵਿਦਿਆਰਥੀ ਕੇਵਲ ਮੌਜ ਮੇਲੇ ਵਾਸਤੇ ਹੀ ਬਾਹਰ ਜਾਂਦੇ ਹਨ ਵਿਦਿਅਕ ਲਾਭ ਪ੍ਰਾਪਤ ਨਹੀਂ ਕਰਦੇ। ਸੈਰ-ਸਪਾਟੇ ਕਈ ਕਿਸਮਾਂ ਦੇ ਹੋ ਸਕਦੇ ਹਨ ਜਿਵੇ :-

**ਇੱਕ ਘੰਟੀ ਦੀ ਸੈਰ :** ਇਸ ਵਿਚ ਇੱਕ ਘੰਟੀ ਲਈ ਜਮਾਤ ਤੋਂ ਬਾਹਰ ਕਿਸੇ ਹੋਰ ਥਾਂ ਤੇ ਜਾਇਆ ਜਾਂਦਾ ਹੈ। ਇਹ ਜਗ੍ਹਾ ਸਕੂਲ ਦੀ ਬਿਲਡਿੰਗ ਵਿਚ ਹੋ ਸਕਦੀ ਹੈ ਤੇ ਇਸ ਤੋਂ ਬਾਹਰ ਵੀ ਹੋ ਸਕਦੀ ਹੈ। ਇਸ ਨਾਲ ਵਿਦਿਆਰਥੀ ਸਥਾਨਕ ਫੈਕਟਰੀ, ਅਜਾਇਬ-ਘਰ, ਬੈਂਕ, ਕਾਲਜ, ਚਿੜੀਆ-ਘਰ, ਅੱਗ ਬੁਝਾਉਣ ਵਾਲਿਆਂ ਦੇ ਦਫ਼ਤਰ, ਨਦੀ ਦੇ ਕਿਨਾਰੇ, ਇਤਿਹਾਸਕ ਸਥਾਨ ਆਦਿ ਨੂੰ ਦੇਖ ਸਕਦੇ ਹਨ।

**ਇੱਕ ਦਿਨ ਦੀ ਸੈਰ :** ਸੈਰ ਸਾਰੇ ਦਿਨ ਲਈ ਸਕੂਲ ਤੋਂ ਬਾਹਰ ਵੀ ਹੋ ਸਕਦੀ ਹੈ। ਇਸ ਵਿੱਚ ਵੀ ਵਿਦਿਆਰਥੀ ਸਥਾਨਕ ਫੈਕਟਰੀ, ਅਜਾਇਬ ਘਰ, ਬੈਂਕ, ਕਾਲਜ, ਚਿੜੀਆ ਘਰ, ਅੱਗ ਬੁਝਾਉਣ ਵਾਲਿਆਂ ਦੇ ਦਫ਼ਤਰ, ਨਦੀ ਦੇ ਕਿਨਾਰੇ, ਇਤਿਹਾਸਕ ਸਥਾਨ ਆਦਿ ਨੂੰ ਦੇਖ ਸਕਦੇ ਹਨ।

**ਛੁੱਟੀਆਂ ਦੌਰਾਨ ਸੈਰ :** ਇਸ ਦੀ ਯੋਜਨਾ ਛੁੱਟੀਆਂ ਵਿਚ ਜਾਣ ਲਈ ਬਣਾਈ ਜਾਂਦੀ ਹੈ।

ਸੈਰ ਉਤੇ ਜਾਣ ਤੋਂ ਪਹਿਲਾਂ ਇਸ ਬਾਰੇ ਪੂਰੀ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ। ਜਿਹੜੀਆਂ ਜਿਹੜੀਆਂ ਥਾਵਾਂ ਉਤੇ ਜਾਣ ਦਾ ਪ੍ਰੋਗਰਾਮ ਬਣਿਆ ਹੋਵੇ ਉਹਨਾ ਬਾਰੇ ਪਹਿਲਾਂ ਵਾਕਫੀਅਤ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਅਧਿਆਪਕ ਆਪ ਉਹਨਾਂ ਸਥਾਨਾਂ ਦੀ ਮਹੱਤਤਾ ਉਤੇ ਭਾਸ਼ਣ ਦੇਣ। ਵਿਦਿਆਰਥੀ ਆਪਣੇ ਨਾਲ ਨੋਟ ਬੁੱਕਾਂ ਤੇ ਡਾਇਰੀਆਂ ਰੱਖਣ। ਜੋ ਕੁਝ ਵੇਖਣ, ਉਹਨਾਂ ਬਾਰੇ ਸੰਖੇਪ ਵਿਚ ਨੋਟ ਜਾਰੀ ਕਰੀ ਜਾਣ। ਭਰਮਣ ਤੋਂ ਵਾਪਿਸ ਆ ਕੇ ਟੋਲੀ ਦੀਆਂ ਬੈਠਕਾਂ ਹੋਣ। ਵਿਦਿਆਰਥੀ ਆਪੋ-ਆਪਣੇ ਨੋਟਾਂ ਦੀ ਦੂਸਰਿਆਂ ਨਾਲ ਤੁਲਨਾਂ ਕਰਨ। ਨਵੀਆਂ ਵੇਖੀਆਂ ਥਾਵਾਂ ਅਤੇ ਵਸਤੂਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਣ। ਅਧਿਆਪਕ ਇਸ ਪ੍ਰੋਗਰਾਮ ਵਿਚ ਇਕ ਸਰੋਤੇ ਵਜੋਂ ਸ਼ਾਮਲ ਹੋਵੇ। ਉਹ ਲੋੜ ਪੈਣ ਤੇ ਵਿਦਿਆਰਥੀਆਂ ਦੀ ਅਗਵਾਈ ਕਰੇ। ਉਹਨਾਂ ਦੀ ਬਹਿਸ ਨੂੰ ਠੀਕ ਸੇਧ ਦੇਵੇ। ਭਰਮਣ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਉਤੇ ਆਧਾਰਿਤ ਭਾਸ਼ਣ ਤਿਆਰ ਕੀਤੇ ਜਾਣ। ਲਿਖਤ ਰਚਨਾ ਕੀਤੀ ਜਾਵੇ। ਲੇਖ ਲਿਖ ਕੇ ਸਕੂਲ ਮੈਗਜ਼ੀਨ ਵਿਚ ਪ੍ਰਕਾਸ਼ਤ ਕੀਤੇ ਜਾਣ।

**ਅਖਬਾਰਾਂ ਤੇ ਮੈਗਜ਼ੀਨ :** ਅਖਬਾਰਾਂ ਤੇ ਮੈਗਜ਼ੀਨ ਵੀ ਸਿੱਖਿਆ ਦੇ ਲਾਭਵੰਦ ਸਾਧਨ ਹਨ। ਬੋਲੀ-ਸਿੱਖਿਆ ਖੇਤਰ ਵਿਚ ਇਹਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਅਖਬਾਰਾਂ ਪੜ੍ਹਨ ਨਾਲ ਵਿਦਿਆਰਥੀਆਂ ਨੂੰ ਆਲੇ ਦੁਆਲੇ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਨਵੀਆਂ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਮਿਲਦੀ ਹੈ ਨਵੇਂ ਸ਼ਬਦਾਂ ਦੀ ਪਛਾਣ ਹੁੰਦੀ ਹੈ। ਅਖਬਾਰਾਂ ਰਸਾਲੇ ਪੜ੍ਹਨ ਨਾਲ ਬੱਚਿਆਂ ਦੀ ਬੋਲੀ ਯੋਗਤਾ ਵਿਚ ਵਾਧਾ ਹੁੰਦਾ ਹੈ। ਅਖਬਾਰਾਂ ਪੜ੍ਹਨ ਦਾ ਕੰਮ ਪੰਜਵੀਂ ਜਮਾਤ ਤੋਂ ਸ਼ੁਰੂ ਕਰਵਾਉਣਾ ਚਾਹੀਦਾ ਹੈ। ਬੋਲੀ ਸਿੱਖਿਆ ਦੇ ਕਈ ਅਭਿਆਸ ਅਖਬਾਰਾਂ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ। ਜਿਵੇਂ ਉੱਚੀ ਪਾਠ ਪੜ੍ਹਨ ਤੇ ਮੋਠ ਪਾਠ ਪੜ੍ਹਨ ਦੇ ਅਭਿਆਸ, ਖਬਰਾਂ ਅਤੇ ਸੰਪਾਦਕੀਆਂ ਦੇ ਸੰਖੇਪ ਸਾਰ ਤਿਆਰ ਕਰਨੇ, ਸਕੂਲ ਇਕੱਠ ਵਿਚ ਹਰ ਰੋਜ਼ ਖਬਰਾਂ ਸੁਣਾਉਣੀਆਂ, ਖ਼ਬਰਾਂ ਪੜ੍ਹ ਕੇ ਸਮਾਚਾਰ ਬੋਰਡ ਉਤੇ ਲਿਖਣੀਆਂ ਵੱਖ ਵੱਖ ਅਖਬਾਰਾਂ ਵਿਚੋਂ ਪੜ੍ਹੀਆਂ ਹੋਈਆਂ ਖਬਰਾਂ ਦਾ ਤੁਲਨਾਤਮਕ ਅਧਿਐਨ ਕਰਨਾ, ਅਖਬਾਰਾਂ ਤੋਂ ਖ਼ਬਰਾਂ ਚੁਣ ਕੇ ਵਾਦ ਵਿਵਾਦ ਕਰਾਉਣਾ ਨਾਟਕ ਕਹਾਣੀਆਂ ਅਤੇ ਕਵਿਤਾਵਾਂ ਰਾਹੀਂ ਸਾਹਿਤਕ ਸੁਆਦ ਪੂਰਾ ਕਰਨਾ, ਹਰ ਤਰ੍ਹਾਂ ਦੇ ਵਿਆਕਰਨਿਕ ਅਭਿਆਸ ਲਈ ਅਖਬਾਰਾਂ ਨੂੰ ਆਧਾਰ ਬਣਾਉਣਾ।

## 2.4.4 ਦਰਿਸ਼ਟੀ-ਸਰੋਤ ਸਹਾਇਕ-ਸਾਧਨਾਂ ਦੀ ਉਪਯੋਗੀ ਵਰਤੋਂ :

ਦਰਿਸ਼ਟੀ-ਸਰੋਤ ਸਹਾਇਕ-ਸਾਧਨਾਂ ਦੀ ਵਰਤੋਂ ਜ਼ਰੂਰੀ ਹੈ। ਕਿਉਂਕਿ ਇਹਨਾਂ ਦੀ ਵਰਤੋਂ ਨਾਲ ਪਾਠ ਜ਼ਿਆਦਾ ਦਿਲਚਸਪ ਤੇ ਸੌਖੇ ਬਣ ਜਾਂਦੇ ਹਨ। ਇਹਨਾਂ ਸਾਧਨਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਦਾ ਧਿਆਨ ਕੇਂਦਰਿਤ ਰਹਿੰਦਾ ਹੈ, ਜਮਾਤ ਵਿਚ ਅਨੁਸ਼ਾਸ਼ਨਹੀਣਤਾ ਪੈਦਾ ਨਹੀਂ ਹੁੰਦੀ। ਇਹ ਸਾਧਨ ਸਿੱਖਿਆ ਲਈ ਉਕਸਾਹਟ ਪੈਦਾ ਕਰਦੇ ਹਨ ਅਤੇ ਨਾਲ ਹੀ ਮਿਹਨਤ ਅਤੇ ਸਮੇਂ ਦੀ ਬਚਤ ਹੁੰਦੀ ਹੈ। ਭਾਵੇਂ ਸਹਾਇਕ-ਸਾਧਨ ਬਹੁਤ ਉਪਯੋਗੀ ਹਨ ਪਰੰਤੂ ਫਿਰ ਵੀ ਇਹਨਾਂ ਦਾ ਪ੍ਰਯੋਗ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਸਹਾਇਕ ਸਾਧਨ ਨੂੰ 'ਸਹਾਇਕ' ਸਥਾਨ ਹੀ ਮਿਲਣਾ ਚਾਹੀਦਾ ਹੈ, ਨਾ ਕਿ ਮੁੱਖ ਸਥਾਨ। ਇਹ ਜ਼ਰੂਰੀ ਨਹੀਂ ਕਿ ਹਰੇਕ ਪਾਠ ਪੜਾਉਣ ਸਮੇਂ ਕੋਈ ਤਸਵੀਰ ਜਾਂ ਮਾਡਲ ਦੀ ਵਰਤੋਂ ਜ਼ਰੂਰੀ ਕੀਤੀ ਜਾਵੇ। ਸਗੋਂ ਇਹਨਾਂ ਦੀ ਵਰਤੋਂ ਉਦੋਂ ਕੀਤੀ ਜਾਵੇ ਜਦੋਂ ਕਿ ਇਹਨਾਂ ਦੀ ਜ਼ਰੂਰਤ ਹੋਵੇ। ਬੇਲੋੜੀ ਸਮੱਗਰੀ ਵਰਤਣ ਨਾਲ ਬੱਚਿਆਂ ਦਾ ਧਿਆਨ ਪਾਠ ਵਲੋਂ ਹੱਟ ਕੇ ਸਹਾਇਕ-ਸਮੱਗਰੀ ਤੇ ਕੇਂਦਰਿਤ ਹੋ ਜਾਵੇਗਾ। ਇਉਂ ਸਹਾਇਕ-ਸਮੱਗਰੀ ਲਾਭ ਪਹੁੰਚਾਉਣ ਦੀ ਥਾਂ ਹਾਨੀਕਾਰਕ ਸਿੱਧ ਹੋਵੇਗੀ।

ਦੇਖਣ-ਸੁਣਨ ਵਾਲੀ ਸਹਾਇਕ ਸਮੱਗਰੀ ਰਾਹੀਂ ਪੜ੍ਹਾਈ ਵਿਚ ਵਾਧਾ ਹੋ ਸਕਦਾ ਹੈ ਪਰ ਇਹ ਅਧਿਆਪਕ ਦਾ ਸਥਾਨ ਨਹੀਂ ਲੈ ਸਕਦੀ। ਜੇ ਪੜ੍ਹਾਉਣ ਵਿਚ ਕਮਜ਼ੋਰੀਆਂ ਹਨ ਤਾਂ ਸਹਾਇਕ ਸਮੱਗਰੀ ਕੋਈ ਮਦਦ ਨਹੀਂ ਕਰ ਸਕਦੀ। ਸਹਾਇਕ ਸਾਧਨਾਂ ਸੰਬੰਧੀ ਅਧਿਆਪਕ ਵਲੋਂ ਸੁਚੱਜੀ ਚੋਣ ਜ਼ਰੂਰੀ ਹੈ। ਸਹਾਇਕ ਸਮੱਗਰੀ ਦੀ ਚੋਣ ਕਰਨ ਸਮੇਂ ਬੱਚਿਆਂ ਦੀ ਰੁਚੀ, ਸੁਹਜ ਸੁਆਦ, ਮਾਨਸਿਕ ਪੱਧਰ ਅਤੇ ਪਾਠ ਦੀਆਂ ਵਿਸ਼ੇਸ਼ ਲੋੜਾਂ ਨੂੰ ਮੁੱਖ ਰੱਖਣਾ ਚਾਹੀਦਾ ਹੈ। ਸਹਾਇਕ ਸਾਧਨ ਨੇ ਕੇਵਲ ਪਾਠ ਨੂੰ ਸਪੱਸ਼ਟ ਅਤੇ ਸਮਝਣਯੋਗ ਨਹੀਂ ਬਣਾਉਣਾ ਸਗੋਂ ਉਸ ਨੂੰ ਰੌਚਿਕ ਵੀ ਬਣਾਉਣਾ ਹੈ। ਪਾਠ ਵਿਚ ਰੌਚਕਤਾ ਉਹ ਸਾਧਨ ਭਰ ਸਕੇਗਾ ਜਿਸ ਵਿਚ ਬੱਚਿਆਂ ਦੀ ਰੁਚੀ ਹੋਵੇਗੀ।

ਸਹਾਇਕ-ਸਮੱਗਰੀ ਬਹੁਤੀ ਮਹਿੰਗੀ ਨਹੀਂ ਹੋਣੀ ਚਾਹੀਦੀ ਹੈ। ਸਹਾਇਕ-ਸਮੱਗਰੀ ਦੀ ਕਦਰ ਉਸ ਦੀ ਬਹੁਤੀ ਕੀਮਤ ਕਰਕੇ ਨਹੀਂ ਸਗੋਂ ਉਸ ਦੀ ਉਪਯੋਗਤਾ ਕਰਕੇ ਹੋਣੀ ਚਾਹੀਦੀ ਹੈ। ਵਸਤੂਆਂ ਦੀ ਸੁੰਦਰਤਾ ਤੇ ਜ਼ਿਆਦਾ ਧਿਆਨ ਨਹੀਂ ਦੇਣਾ ਚਾਹੀਦਾ ਸਗੋਂ ਉਸ ਦਾ ਗੁਣ, ਉਸ ਦੀ ਠੀਕ ਵਰਤੋਂ ਦਾ ਮੁੱਲ ਹੋਣਾ ਚਾਹੀਦਾ ਹੈ। ਸਹਾਇਕ ਸਮੱਗਰੀ ਦੀ ਵਰਤੋਂ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਪੂਰੀ ਤਿਆਰੀ ਕਰਨੀ ਚਾਹੀਦੀ ਹੇ। ਪਾਠ ਵਿਚ ਵਰਤਣ ਵਾਲੇ ਸਾਰੇ ਸਮਾਨ ਨੂੰ ਪਹਿਲਾਂ ਹੀ ਤਿਆਰ ਕਰ ਲੈਣਾ ਚਾਹੀਦਾ ਹੈ। ਅਧਿਆਪਕ ਨੂੰ ਸਹਾਇਕ ਸਮੱਗਰੀ ਵਰਤਣ ਦੀ ਜਾਂਚ ਆਉਣੀ ਚਾਹੀਦੀ ਹੈ। ਚਾਰਟ ਜਾਂ ਤਸਵੀਰਾਂ ਅਜਿਹੀ ਜਗ੍ਹਾ ਤੇ ਲਗਾਉਣੇ ਚਾਹੀਦੇ ਹਨ ਜਿਥੇ ਸਭ ਬੱਚਿਆਂ ਨੂੰ ਚੰਗੀ ਤਰ੍ਹਾਂ ਨਜ਼ਰ ਆ ਸਕਣ। ਅਧਿਆਪਕ ਨੂੰ ਸਹਾਇਤਾ ਸਮੱਗਰੀ ਦੇ ਉਦੇਸ਼ ਬਾਰੇ ਪੂਰਨ ਸਪੱਸ਼ਟਤਾ ਹੋਣੀ ਚਾਹੀਦੀ ਹੈ। ਜਿਥੋਂ ਤਕ ਹੋ ਸਕੇ ਸਹਾਇਕ ਸਮੱਗਰੀ ਵਿਚ ਮੌਲਿਕਤਾ ਅਤੇ ਨਵੀਨਤਾ ਭਰੀ ਜਾਵੇ। ਬੱਚਿਆਂ ਨੂੰ ਉਹੀ ਚੀਜ਼ਾਂ ਦਿਖਾਉਣੀਆਂ ਚਾਹੀਦੀਆਂ ਹਨ ਜੋ ਉਹਨਾਂ ਨੂੰ ਜੀਵਨ ਵਿਚ ਸਾਧਾਰਨ ਤੌਰ ਤੇ ਦੇਖਣ ਦਾ ਮੌਕਾ ਨਹੀਂ ਮਿਲਦਾ। ਉਹਨਾਂ ਦੀਆਂ ਜਾਣੀਆਂ ਪਛਾਣੀਆਂ ਵਸਤੂਆਂ ਨੂੰ ਮਾਡਲ ਦੇ ਰੂਪ ਵਿਚ ਪੇਸ਼ ਕਰਨ ਦਾ ਕੋਈ ਮਨੋਰਥ ਨਹੀਂ।

ਕਿਸੇ ਵੀ ਵਿਸ਼ੇ ਦੀ ਸਿੱਖਿਆ ਲਈ ਦਰਿਸ਼ਟੀ-ਸਰੋਤ ਸਹਾਇਕ-ਸਾਧਨ ਬੜੇ ਹੀ ਉਪਯੋਗੀ ਹਨ। ਬੱਚਿਆਂ ਨੂੰ ਠੀਕ ਪੜ੍ਹਨਾਂ ਸਿਖਾਉਣਾ ਬੱਚਿਆਂ ਦੀ ਬੋਲ-ਚਾਲ, ਉਚਾਰਨ ਆਦਿ ਠੀਕ ਕਰਨ ਲਈ ਟੇਪ-ਰਿਕਾਰਡ, ਲਿੰਗੁਆਫੋਨ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਪੜ੍ਹਨਾ-ਸਿਖਣ, ਜੁਬਾਨੀ ਲੇਖ-ਰਚਨਾ ਤੇ ਲਿਖਤੀ ਲੇਖ-ਰਚਨਾ ਦੇ ਅਭਿਆਸ ਫਿਲਮਾਂ ਰਾਹੀਂ ਦਿੱਤੇ ਜਾ ਸਕਦੇ ਹਨ ਕਵਿਤਾ ਵਿਚਲੇ ਸੂਖਮ ਭਾਵਾਂ ਨੂੰ ਸਮਝਣ ਲਈ ਫਿਲਮ ਦਾ ਪ੍ਰਯੋਗ ਕਰਨਾ ਅਤਿਅੰਤ ਲਾਭਦਾਇਕ ਸਿੱਧ ਹੋ ਸਕਦਾ ਹੈ।

## 2.4.5 ਅਧਿਆਪਨ ਸਹਾਇਕ ਸਰੋਤਾਂ ਦੀਆਂ ਕਿਸਮਾਂ :

ਅਧਿਆਪਨ-ਸਿਖਲਾਈ ਦੀ ਪ੍ਰਕਿਰਿਆ ਕਲਾਸਰੂਮ ਵਿਚ ਉਪਲਬਧ ਵੱਖ ਵੱਖ ਕਿਸਮਾਂ ਦੇ ਉਪਕਰਣਾਂ 'ਤੇ ਨਿਰਭਰ ਕਰਦੀ ਹੈ। ਅੱਜ ਕੱਲ ਬਹੁਤ ਸਰੋਤ ਉਪਲਬਧ ਹਨ। ਅਸੀਂ ਹੇਠਾਂ ਦਿੱਤੇ ਅਨੁਸਾਰ ਇਨ੍ਹਾਂ ਸਰੋਤਾਂ ਨੂੰ ਵਰਗੀਕ੍ਰਿਤ ਕਰ ਸਕਦੇ ਹਾਂ :

1. ਵਿਜ਼ੂਅਲ ਸਹਾਇਕ ਸਰੋਤ
2. ਆਡੀਓ ਸਹਾਇਕ ਸਰੋਤ
3. ਆਡੀਓ-ਵਿਜ਼ੂਅਲ ਸਹਾਇਕ ਸਰੋਤ

## 1) ਵਿਜ਼ੂਅਲ ਸਹਾਇਕ ਸਰੋਤ :

ਜਿਹੜੀਆਂ ਏਡਜ਼ ਦਰਸ਼ਣ ਦੀ ਭਾਵਨਾ ਵਰਤਦੀਆਂ ਹਨ। ਉਨ੍ਹਾਂ ਨੂੰ ਵਿਜ਼ੂਅਲ ਸਹਾਇਕ ਏਡਜ਼ ਕਿਹਾ ਜਾਂਦਾ ਹੈ। ਉਦਾਹਰਣ ਲਈ : ਅਸਲ ਆਬਜੈਕਟ, ਮਾਡਲ, ਤਸਵੀਰਾਂ, ਚਾਰਟਸ, ਨਕਸ਼ੇ, ਫਲੈਸ਼ ਕਾਰਡ, ਫਲੈਨ ਬੋਰਡ, ਬੁਲੇਟਿਨ ਬੋਰਡ, ਬਲੈਕ ਬੋਰਡ, ਓਵਰਹੈਡ ਪ੍ਰੋਜੈਕਟਰ, ਸਲਾਈਡਾਂ ਆਦਿ ਵਿਚੋਂ ਇਹ ਬਲੈਕ ਬੋਰਡ ਅਤੇ ਚਾਕ ਆਮ ਹਨ।

## 2) ਆਡੀਓ ਸਹਾਇਕ ਸਰੋਤ :

ਜਿਹੜੀਆਂ ਏਡਜ਼ ਵਿੱਚ ਨਜ਼ਰ ਅਤੇ ਸੁਣਵਾਈ ਸ਼ਾਮਲ ਹੁੰਦੀ ਹੈ, ਨੂੰ ਆਡੀਓ-ਵਿਜ਼ੂਅਲ ਸਹਾਇਕ ਸਰੋਤ ਕਿਹਾ ਜਾਂਦਾ ਹੈ। ਉਦਾਹਰਣ ਵਜੋਂ : ਟੈਲੀਵਿਜ਼ਨ, ਫਿਲਮ ਪ੍ਰੋਜੈਕਟਰ, ਫਿਲਮਾਂ ਦੀਆਂ ਪੱਟੀਆਂ ਆਦਿ।

## 2.4.6 ਦ੍ਰਿਸ਼ਟੀ-ਸਰੋਤ ਸਾਧਨਾਂ ਦਾ ਮਹੱਤਵ :

## 1. ਵਿਦਿਆਰਥੀਆਂ ਨੂੰ ਸਿਖਣ ਲਈ ਪ੍ਰੇਰਿਤ ਕਰਦੇ ਹਨ

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਬਹੁਤ ਰੋਚਕ ਅਤੇ ਪ੍ਰੇਰਨਾਦਾਇਕ ਸਿੱਧ ਹੋਏ ਹਨ। ਇਸ ਦੀ ਵਰਤੋਂ ਨਾਲ ਵਿਦਿਆਰਥੀਆਂ ਵਿਚ ਹੋਰ ਸਿੱਖਣ ਦੀ ਰੁੱਚੀ ਉਜਾਗਰ ਹੁੰਦੀ ਹੈ। ਕਿਉਂਕਿ ਇਸ ਨਾਲ ਮਜ਼ਮੂਨ ਵਿੱਚ ਸਪਸ਼ਟਤਾ, ਸਰਲਤਾ, ਰੂਪ ਰੰਗ ਅਤੇ ਹਰਕਤਾਂ ਦੀ ਸਰਵਜਨਕ ਭਾਸ਼ਾ ਦਾ ਪ੍ਰਗਟਾਵਾ ਹੁੰਦਾ ਹੈ। ਚਿੱਤਰ ਦੇਖਣੇ, ਸੈਰ ਕਰਨੀ, ਰੇਡੀਓ ਸੁਣਨਾ, ਟੀ.ਵੀ. ਦੇਖਣਾ ਤੇ ਸੁਣਨਾ ਅਤੇ ਨਾਟਕ ਦੇਖਣੇ ਆਦਿਕ ਕਿਸ ਨੂੰ ਚੰਗੇ ਨਹੀਂ ਲੱਗਦੇ? ਇਸ ਲਈ ਇਹਨਾਂ ਸਾਧਨਾਂ ਦੀ ਮਦਦ ਨਾਲ ਵਿਦਿਆਰਥੀ ਨੂੰ ਲਿਖਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਇਹ ਸਾਧਨ ਵਿਦਿਆਰਥੀਆਂ ਦੀ ਉਤਸੁਕਤਾ ਨੂੰ ਸੰਤੁਸ਼ਟ ਕਰਕੇ ਉਹਨਾਂ ਨੂੰ ਹੋਰ ਸਿਖਣ ਦੀ ਵੱਧ ਤੋਂ ਵੱਧ ਪ੍ਰੇਰਨਾ ਪ੍ਰਦਾਨ ਕਰਦੇ ਹਨ।

## 2. ਗਿਆਨ ਇੰਦਰੀਆਂ ਅਧਾਰਿਤ ਤਜ਼ਰਬਾ ਅਤੇ ਸਿਖਣ ਪ੍ਰਕਿਰਿਆ

ਸਿੱਖਣ ਦੀ ਪ੍ਰਕਿਰਿਆ ਵਿੱਚ ਗਿਆਨ ਇੰਦਰੀਆਂ ਆਧਾਰਿਤ ਅਨੁਭਵ ਦਾ ਡੂੰਘਾ ਸੰਬੰਧ ਹੈ। ਬੱਚੇ ਉਨੀ ਦੇਰ ਤੱਕ ਨਵੇਂ ਸ਼ਬਦ ਅਤੇ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਹਾਸਿਲ ਨਹੀਂ ਕਰ ਸਕਦੇ ਜਦੋਂ ਤੱਕ ਉਹ ਉਹਨਾਂ ਦਾ ਸਿੱਧਾ ਅਨੁਭਵ ਮਹਿਸੂਸ ਨਹੀਂ ਕਰਦੇ, ਉਦਾਹਰਨ ਦੇ ਤੌਰ ਤੇ ਖੇਤਾਂ ਦੀ ਸੈਰ, ਡਾਕਘਰ, ਟੈਲੀਫੋਨ ਐਕਸਚੇਂਜ ਆਦਿਕ ਵਿਚ ਜਾ ਕੇ ਸਿੱਧਾ ਅਨੁਭਵ ਮਹਿਸੂਸ ਨਹੀਂ ਕਰਦੇ। ਬੱਚੇ ਇਹਨਾਂ ਸਥਾਨਾਂ ਬਾਰੇ ਸਹੀ ਗਿਆਨ ਪ੍ਰਾਪਤ ਨਹੀਂ ਕਰ ਸਕਦੇ। ਇਸ ਤਰ੍ਹਾਂ ਨਾਲ ਪ੍ਰਾਪਤ ਕੀਤਾ ਗਿਆਨ ਸਦੀਵੀਂ ਹੁੰਦਾ ਹੈ। ਬੱਚੇ ਕਦੇ ਵੀ ਨਹੀਂ ਭੁੱਲਦੇ। ਸੋ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਮਹੱਤਵਪੂਰਨ ਹਨ ਜਿਨ੍ਹਾਂ ਦੀ ਉਚਿਤ ਵਰਤੋਂ ਰਾਹੀਂ ਸਮਾਜਿਕ ਅਧਿਐਨ ਨੂੰ ਰੋਚਕ ਬਣਾਇਆ ਜਾ ਸਕਦਾ ਹੈ।

## 3. ਕਲਪਨਾ ਅਤੇ ਵਿਚਾਰ ਦੀ ਸ਼ਕਤੀ ਦਾ ਵਿਕਾਸ

ਬਿੰਬ ਸਿੱਖਿਆ ਦਾ ਇਕ ਮਹਾਨ ਔਜ਼ਾਰ ਹੈ। ਦ੍ਰਿਸ਼ਟੀਸਰੋਤ ਸਹਾਇਕ ਸਾਧਨਾਂ ਨਾਲ ਗਿਆਨ-ਇੰਦਰੀਆਂ ਰਾਹੀਂ ਅਨੁਭਵ ਬਿੰਬ ਜਗਾਉਂਦਾ ਹੈ ਜੋ ਜ਼ਬਾਨੀ ਦੱਸਣ ਨਾਲੋਂ, ਦਿਸ਼ ਵਧੇਰੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ। ਜੇਕਰ ਬੱਚਿਆਂ ਨੂੰ ਪਹਾੜ ਦੀ ਤਸਵੀਰ ਦਿਖਾਈ ਜਾਵੇ ਤਾਂ ਉਹ ਕਲਪਨਾ ਵਿਚ ਪਹਾੜ ਤੇ ਪਹੁੰਚਦੇ ਹਨ। ਇਸ ਤਰ੍ਹਾਂ ਦ੍ਰਿਸ਼ਟੀ-ਸਰੋਤ ਸਹਾਇਕ ਕਲਪਨਾ ਨੂੰ ਉਤਸ਼ਾਹ ਬਖਸ਼ਦੇ ਹਨ।

## 4. ਪ੍ਰਾਇਮਰੀ ਪੱਧਰ ਤੇ ਬੁਨਿਆਦੀ ਸਾਧਨ

ਪ੍ਰਾਇਮਰੀ ਪੱਧਰ ਤੇ ਬੱਚਿਆਂ ਨੂੰ ਸਿਖਾਉਣ ਲਈ ਪ੍ਰਿੰਟ ਸਮੱਗਰੀ ਨਾਲੋਂ ਜ਼ਿਆਦਾ ਲਾਭ ਇਹਨਾਂ ਸਾਧਨਾਂ ਤੋਂ ਹੁੰਦਾ ਹੈ। ਬੱਚਿਆਂ ਵਿੱਚ ਲਿਖਣ ਅਤੇ ਪੜ੍ਹਨ ਦੀ ਨਿਪੁੰਨਤਾਵਾਂ ਦਾ ਵਿਕਾਸ ਵੀ ਇਹਨਾਂ ਰਾਹੀਂ ਕੀਤਾ ਜਾ ਸਕਦਾ ਹੈ। ਮੁੱਢਲੇ ਸਾਲਾਂ ਦੌਰਾਨ ਸਮਾਜਿਕ ਅਧਿਐਨ ਦੀ ਸਹੀ ਧਾਰਨਾਂ ਦਾ ਗਿਆਨ ਤਸਵੀਰਾਂ ਰਿਕਾਰਡਿੰਗ, ਚਲ ਚਿੱਤਰ ਫਿਲਮਾਂ ਅਤੇ ਬਾਕੀ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਰਾਹੀਂ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

## 5. ਪ੍ਰਤੱਖ ਅਨੁਭਵ ਦੇ ਬਦਲ

ਦ੍ਰਿਸ਼ਟੀ-ਸਰੋਤ ਸਹਾਇਕ ਪ੍ਰਤੱਖ ਅਨੁਭਵ ਦਾ ਬਦਲ ਹਨ ਜਾਂ ਉਹਨਾਂ ਦਾ ਸਥਾਨ ਪ੍ਰਾਪਤ ਕਰ ਸਕਦੇ ਹਨ ਜਿਵੇਂ ਕਿ ਜੇ ਕਰ ਬਰਨੇ, ਪਹਾੜਾਂ ਬਾਰੇ ਪੜ੍ਹਾਉਣਾ ਹੈ। ਪ੍ਰਤੱਖ ਅਨੁਭਵ ਤਾਂ ਹੀ ਹੋਵੇਗਾ ਜੇਕਰ ਉਹਨਾਂ ਨੂੰ ਪਹਾੜ ਦੇ ਝਰਨੇ ਤੱਕ ਲਿਜਾਇਆ ਜਾਵੇ ਪਰ ਜੇਕਰ ਉਹਨਾਂ ਨੂੰ ਪਹਾੜ ਦੀ ਫੋਟੋ ਜਾਂ ਡਾਕੂਮੈਂਟਰੀ ਫਿਲਮ ਜਾਂ ਚਲਚਿੱਤਰ ਦਿਖਾਏ ਜਾਣ ਤਾਂ ਇਹ ਸਾਧਨ ਪ੍ਰਤੱਖ ਅਨੁਭਵ ਦਾ ਬਦਲ ਹੋ ਸਕਣਗੇ। ਪ੍ਰਤੱਖ ਅਨੁਭਵਾਂ ਰਾਹੀਂ ਪ੍ਰਾਪਤ ਕੀਤੇ ਗਿਆਨ ਨਾਲੋਂ ਥੋੜੇ ਸਮੇਂ ਵਿੱਚ ਇਹਨਾਂ ਦਾ ਬਦਲ ਸਾਧਨਾਂ ਦੀ ਵਰਤੋਂ ਰਾਹੀਂ ਗਿਆਨ ਪ੍ਰਦਾਨ ਕੀਤਾ ਜਾ ਸਕਦਾ ਹੈ।

## 6. ਅਧਿਆਪਨ ਸੂਤਰਾਂ ਦੇ ਅਨੁਕੂਲ ਹਨ

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਦੀ ਵਰਤੋਂ ਅਧਿਆਪਨ ਸੂਤਰਾਂ ਦੇ ਅਨੁਕੂਲ ਹੁੰਦੀ ਹੈ। ਸਕੂਲ ਅਤੇ ਅਸਥੂਲ ਵਲ ਵੱਧਣਾ ''ਸਰਲ ਤੋਂ ਗੁੰਝਲਦਾਰ'' ਵੱਲ ਵੱਧਣਾ ਅਧਿਆਪਨ ਸਤਰ ਹਨ। ਇਬਟੀ ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਇਹਨਾਂ ਸੂਤਰਾਂ ਉਤੇ ਆਧਾਰਿਤ ਹੈ। ਜਦੋਂ ਅਧਿਆਪਕ ਜਮਾਤ ਵਿੱਚ ਇਹਨਾਂ ਸ਼ਹਿਰ ਨਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ ਤਾਂ ਉਹ 'ਸਰਲ ਤੋਂ ਗੁੰਝਲਦਾਰ ਅਤੇ ਸਕੂਲ ਤੋਂ ਅਸਥੂਲ ਵੱਲ ਵਧ ਰਿਹਾ ਹੁੰਦਾ ਹੈ। ਇਸ ਲਈ ਇਹਨਾਂ 'ਸਾਧਨਾਂ ਨੂੰ ਮਨੋਵਿਗਿਆਨਕ ਸਾਧਨ ਕਿਹਾ ਜਾ ਸਕਦਾ ਹੈ।

## 7. ਸਿੱਖਣ ਵਿੱਚ ਵੰਨਸੁਵੰਨਤਾ ਲਿਆਉਣ ਵਿੱਚ ਸਹਾਇਕ

ਅਧਿਆਪਨ ਨੂੰ ਰੋਚਕ ਬਣਾਉਣ ਲਈ ਵੰਨਸੁਵੰਨਤਾ ਲਿਆਉਣੀ ਬੜੀ ਜ਼ਰੂਰੀ ਹੈ। ਹਰੇਕ ਬੱਚੇ ਵਿੱਚ ਆਪਣੀਆਂ ਵੱਖਰੀਆਂ ਰੁਚੀਆਂ, ਲੋੜਾਂ ਦ੍ਰਿਸ਼ਟੀਕੋਣ ਅਤੇ ਯੋਗਤਾਵਾਂ ਹੁੰਦੀਆਂ ਹਨ। ਇਸ ਲਈ ਸਾਰੇ ਬੱਚਿਆਂ ਨੂੰ ਸਿੱਖਣ ਦਾ ਲਾਭ ਪਹੁੰਚਾਉਣ ਲਈ ਕੇਵਲ ਇਕੋ ਅਧਿਆਪਨ ਸਾਧਨ ਦੀ ਵਰਤੋਂ ਕਰਨੀ ਕਾਫ਼ੀ ਨਹੀਂ ਹੁੰਦੀ। ਸਗੋਂ ਕਈ ਤਰ੍ਹਾਂ ਦੇ ਸਹਾਇਕ ਸਾਧਨ ਵਰਤੇ ਜਾਂਦੇ ਹਨ ਜਿਸ ਨਾਲ ਅਧਿਆਪਨ ਵਿਚ ਵੰਨਸੁਵੰਨਤਾ ਆਉਂਦੀ ਹੈ।

## 8. ਬੱਚਿਆਂ ਨੂੰ ਕਾਰਜਸ਼ੀਲ ਬਣਾਉਣ ਵਿੱਚ ਸਹਾਇਕ

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਬੱਚਿਆਂ ਨੂੰ ਕਾਰਜਸ਼ੀਲ ਬਣਾਉਣ ਅਤੇ ਉਹਨਾਂ ਨੂੰ ਕਿਰਿਆਵਾਂ ਵਿੱਚ ਲਗਨ ਪੈਦਾ ਕਰਨ ਵਿੱਚ ਸਹਾਇਕ ਹੁੰਦੇ ਹਨ। ਲੈਕਚਰ ਵਿਧੀਆਂ ਪਾਠ-ਪੁਸਤਕ ਵਿਧੀ ਰਾਹੀਂ ਬੱਚੇ ਕਾਰਜਹੀਣ ਹੁੰਦੇ ਹਨ, ਪਰ ਇਹਨਾਂ ਵਿਧੀਆਂ ਨਾਲ ਜੇਕਰ ਦ੍ਰਿਸ਼ਟੀ-ਸਰੋਤ ਸਾਧਨਾਂ ਦੀ ਵਰਤੋਂ ਕੀਤੀ ਜਾਵੇ ਤਾਂ ਬੱਚਿਆਂ ਨੂੰ, ਕਾਰਜਸ਼ੀਲ ਬਣਾਇਆ ਜਾ ਸਕਦਾ ਹੈ। ਬੱਚਿਆਂ ਵਿਚ ਨਕਸ਼ੇ ਭਰਨ, ਮਾਡਲ ਅਤੇ ਚਾਰਟ ਬਣਾਉਣ ਕਿਰਿਆਵਾਂ ਕਰਦੇ ਹਨ ਤੇ ਕਾਰਜਸ਼ੀਲ ਹੁੰਦੇ ਹਨ।

## 9. ਪੱਛੜੇ ਹੋਏ ਵਿਦਿਆਰਥੀ ਲਈ ਸਹਾਇਕ

ਮਾਨਸਿਕ ਅਤੇ ਬੌਧਿਕ ਤੌਰ ਤੇ ਪਛੜੇ ਬੱਚਿਆਂ ਲਈ ਇਹ ਸਹਾਇਕ ਹੁੰਦੇ ਹਨ। ਪਾਠ-ਪੁਸਤਕ ਤੋਂ ਵਿਦਿਆਰਥੀ ਨਹੀਂ

ਸਿਖ ਸਕਦੇ। ਉਹ ਇਹਨਾਂ ਸਾਧਨਾਂ ਦੀ ਮਦਦ ਨਾਲ ਛੇਤੀ ਸਿਖ ਸਕਦੇ ਹਨ। ਅਧਿਆਪਨ ਵਿਚ ਦ੍ਰਿਸ਼ਟੀ-ਸਰੋਤ ਸਾਧਨਾਂ ਦੀ ਬਹੁਤ ਮਹੱਤਤਾ ਹੈ ਤੇ ਇਹਨਾਂ ਦੀ ਉਚਿਤ ਵਰਤੋਂ ਵਿਸ਼ੇ ਨੂੰ ਪ੍ਰਭਾਵਸ਼ਾਲੀ ਅਤੇ ਰੋਚਕ ਬਣਾਉਂਦੀ ਹੈ। ਵਿਦਿਆਰਥੀ ਦੇ ਗਿਆਨ ਨੂੰ ਪੱਕਾ ਅਤੇ ਯਥਾਰਥਕ ਬਣਾਉਂਦੇ ਹਨ।

## 2.4.7 ਸਾਰ :

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰੇਕ ਵਿਸ਼ੇ ਦੀ ਸਿੱਖਿਆ ਵਿਚ ਦਰਿਸ਼ਟੀ ਸਰੋਤ ਸਹਾਇਕ ਸਾਧਨ ਇਕ ਮਹੱਤਵਪੂਰਣ ਰੋਲ ਅਦਾ ਕਰਦੇ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਇਹਨਾਂ ਦੀ ਵਰਤੋਂ ਠੀਕ ਸਮੇਂ ਕੀਤੀ ਜਾਵੇ। ਸਹਾਇਕ ਸਾਧਨਾਂ ਦੀ ਠੀਕ ਚੋਣ ਕਰਨਾ ਵੀ ਅਧਿਆਪਕ ਦਾ ਕਰਤੱਵ ਹੈ। ਕਿਸੀ ਵੀ ਸਾਧਨ ਦੀ ਵਰਤੋਂ ਬੇਲੋੜ ਨਹੀਂ ਕਰਨੀ ਚਾਹੀਦੀ। ਅਸਲ ਵਿਚ ਇਹਨਾਂ ਦੀ ਵਰਤੋਂ ਪਾਠ ਨੂੰ ਪ੍ਰਭਾਵਸ਼ਾਲੀ ਅਤੇ ਦਿਲਚਸਪ ਬਣਾਉਣ ਲਈ ਹੀ ਕਰਨੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਇਹਨਾਂ ਨੂੰ ਅਧਿਆਪਕ ਦੀ ਥਾਂ ਨਹੀਂ ਦਿੱਤੀ ਜਾ ਸਕਦੀ। ਬੇਲੋੜੀ ਸਮੱਗਰੀ ਵਰਤਣ ਨਾਲ ਬੱਚਿਆਂ ਦਾ ਧਿਆਨ ਪੜ੍ਹਾਈ ਵਲੋਂ ਹੱਟ ਕੇ ਸਮੱਗਰੀ ਤੇ ਕੇਂਦਰਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਹਾਇਕ ਸਮੱਗਰੀ ਲਾਭ ਪਹੁੰਚਾਉਣ ਦੀ ਥਾਂ ਹਾਨੀਕਾਰਕ ਸਿੱਧ ਹੁੰਦੀ ਹੈ।

## 2.4.8 ਪ੍ਰਸ਼ਨ

1. ਰੇਡੀਓ, ਟੇਪ ਰਿਕਾਰਡ ਤੇ ਟੈਲੀਵੀਜ਼ਨ, ਸਿੱਖਿਆ ਵਿਚ ਕਿਵੇਂ ਸਹਾਇਕ ਹੋ ਸਕਦੇ ਹਨ।
2. ਮਾਡਲਾਂ ਦੀ ਵਰਤੋਂ, ਵਿਦਿਅਕ-ਭਰਮਣ, ਬਲੈਕ-ਬੋਰਡ ਤੇ ਨੋਟ ਲਿਖੋ ?
3. ਦੇਖਣ, ਸੁਣਨ ਅਤੇ ਦੇਖਣ-ਸੁਣਨ ਵਾਲੇ ਦ੍ਰਿਸ਼ਟੀ-ਸਰੋਤ ਸਹਾਇਕ-ਸਾਧਨਾਂ ਦੀ ਵਰਤੋਂ ਬਾਰੇ ਵਿਸਤਾਰ ਪੂਰਵਕ ਲਿਖੋ।

## 2.4.9 ਪੁਸਤਕ ਸੂਚੀ


| | | |
|---|---|---|
| ਅਹੂਜਾ, ਰੋਸ਼ਨ ਲਾਲ | – | ਮਾਤ ਭਾਸ਼ਾ ਦੀ ਸਿੱਖਿਆ |
| ਭਾਟੀਆ, ਸੰਤ ਸਿੰਘ | – | ਮਾਤ ਭਾਸ਼ਾ ਦੀ ਸਿੱਖਿਆ |
| ਸ਼ਰਮਾ, ਟੀ.ਆਰ | – | ਮਾਤ ਭਾਸ਼ਾ ਦੀ ਸਿੱਖਿਆ |
| ਡਾ. ਹਰਚੰਦ ਸਿੰਘ ਬਰਾੜ | – | ਮਾਤ ਭਾਸ਼ਾ ਦੀ ਸਿੱਖਿਆ |
| ਡਾ. ਜਸਵੰਤ ਸਿੰਘ ਜੱਸ | – | ਮਾਤ ਭਾਸ਼ਾ ਦੀ ਸਿੱਖਿਆ ਵਿਧੀ |
| ਡਾ. ਰਘੂਨਾਥ ਸਫਾਇਆ | – | ਮਾਤ ਭਾਸ਼ਾ ਦੀ ਸਿੱਖਿਆ |

*ਪਾਠ ਨੰ: 2.5* *ਲੇਖਕ : ਡਾ. ਪਰਮਜੀਤ ਕੌਰ ਸੰਧੂ*

# ਪਾਠ ਯੋਜਨਾ

**ਢਾਂਚਾ**


2.5.1 ਪਾਠ ਦੇ ਉਦੇਸ਼

2.5.2 ਭੂਮਿਕਾ

2.5.3 ਪਾਠ ਯੋਜਨਾ ਦਾ ਅਰਥ

2.5.4 ਪਾਠ ਯੋਜਨਾ ਦਾ ਮਹੱਤਵ

2.5.5 ਪਾਠ ਯੋਜਨਾ ਦੇ ਸਿਧਾਂਤ

2.5.6 ਪਾਠ ਯੋਜਨਾ ਦੇ ਉਦੇਸ਼

2.5.7 ਪਾਠ ਯੋਜਨਾ ਦੇ ਪੜਾਅ ਜਾਂ ਕਦਮ

2.5.8 ਅਭਿਆਸ ਲਈ ਪ੍ਰਸ਼ਨ

2.5.9 ਸਹਾਇਕ ਪੁਸਤਕਾਂ


## 2.5.1 ਪਾਠ ਦੇ ਉਦੇਸ਼ :

(ੳ) ਇਹ ਪਾਠ ਪੜ੍ਹਣ ਤੋਂ ਬਾਅਦ ਵਿਦਿਆਰਥੀ ਪਾਠ ਯੋਜਨਾ ਦਾ ਅਰਥ ਸਮਝਣ ਦੇ ਯੋਗ ਹੋ ਜਾਣਗੇ।

(ਅ) ਇਹ ਪਾਠ ਪੜ੍ਹਣ ਤੋਂ ਬਾਅਦ ਵਿਦਿਆਰਥੀ ਪਾਠ ਯੋਜਨਾ ਦੇ ਸਿਧਾਂਤ ਅਤੇ ਪੜਾਅ ਸਮਝਣ ਦੇ ਯੋਗ ਹੋ ਜਾਣਗੇ।

(ੲ) ਇਹ ਪਾਠ ਪੜ੍ਹਣ ਤੋਂ ਬਾਅਦ ਵਿਦਿਆਰਥੀ ਪਾਠ ਯੋਜਨਾ ਕਰਨ ਦੇ ਯੋਗ ਹੋ ਜਾਣਗੇ।

## 2.5.2 ਭੂਮਿਕਾ :

ਪਾਠ ਯੋਜਨਾ ਦੀ ਅਧਿਆਪਕਾਂ ਲਈ ਬਹੁਤ ਮਹੱਤਤਾ ਹੈ। ਅਧਿਆਪਕ ਨੇ ਜੋ ਇੱਕ ਇੰਚ ਪੜ੍ਹਾਉਣਾ ਹੈ ਤਾਂ ਉਸਨੂੰ ਇੱਕ ਮੀਲ ਲਈ ਤਿਆਰ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਪਹਿਲਾਂ ਆਪ ਉਸ ਵਿਸ਼ੇ ਬਾਰੇ ਪੜ੍ਹੇ ਅਤੇ ਪੜ੍ਹਨ ਤੋਂ ਬਾਅਦ ਪਾਠ ਦੀ ਯੋਜਨਾ ਤਿਆਰ ਕਰੇ। ਅਧਿਆਪਕ ਉਦੋਂ ਤੱਕ ਸਫ਼ਲ ਨਹੀਂ ਹੋ ਸਕਦਾ ਜਦੋਂ ਤੱਕ ਉਹ ਆਪਣੇ ਪਾਠ ਦੀ ਯੋਜਨਾ ਤਿਆਰ ਨਹੀਂ ਕਰਦਾ। ਮਹਾਨ ਸਿੱਖਿਆ ਸ਼ਾਸਤਰੀ ਜੇ.ਈ. ਹਰਬਰਟ (J.E. Herbart,1776-1841 ਏ.ਡੀ.) ਨੇ ਪਾਠ ਯੋਜਨਾ ਦਾ ਪ੍ਰਚਾਰ ਕੀਤਾ। ਉਸ ਦੇ ਪਾਠ-ਯੋਜਨਾ ਦੇ ਕੁਝ ਕਦਮ ਦਰਸਾਏ। ਅਧਿਆਪਕ ਨੂੰ ਹਰ ਇਕ ਪਾਠ ਦੀ ਯੋਜਨਾ ਵੱਖ-ਵੱਖ ਤਿਆਰ ਕਰਨੀ ਚਾਹੀਦੀ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਠੀਕ ਸਮਝਾ ਸਕੇ।

## 2.5.3 ਪਾਠ ਯੋਜਨਾ ਦਾ ਅਰਥ (Meaning of Lesson Plan) :

ਪਾਠ ਯੋਜਨਾ ਦੇ ਸ਼ਬਦਾਂ ਦਾ ਸੁਮੇਲ ਹੈ - ਪਾਠ ਅਤੇ ਯੋਜਨਾ। ਇਸ ਦਾ ਅਰਥ ਇਹ ਹੋਇਆ ਕਿ ਪਾਠ ਦੀ ਯੋਜਨਾ ਤਿਆਰ ਕਰਨਾ। ਉਸ ਵਿੱਚ ਕੀ ਅਤੇ ਕਿਵੇਂ ਪੜ੍ਹਾਇਆ ਜਾਣਾ ਹੈ ? ਕਿਹੜੀ ਸਹਾਇਕ ਸਮੱਗਰੀ, ਵਿਧੀ ਅਤੇ ਪੜ੍ਹਾਉਣ ਦੇ ਉਦੇਸ਼ ਕਿਹੜੇ ਹੋਣਗੇ ? ਐਲ. ਬੀ. ਸੈਂਡਸ (L.B. Sands) ਨੇ ਪਾਠ-ਯੋਜਨਾ ਦੇ ਅਰਥ ਦੱਸਦੇ ਹੋਏ ਕਿਹਾ ਹੈ, ''ਪਾਠ ਯੋਜਨਾ ਅਸਲ ਵਿਚ ਕੰਮ ਕਰਨ ਦੀ ਯੋਜਨਾ ਹੈ। ਇਸ ਵਿਚ ਅਧਿਆਪਕ ਦਾ ਕੰਮ-ਦਰਸ਼ਨ, ਗਿਆਨ ਦਰਸ਼ਨ, ਆਪਣੇ ਵਿਦਿਆਰਥੀਆਂ ਦੇ ਸੰਬੰਧ ਵਿਚ

ਉਨ੍ਹਾਂ ਦੀ ਸੂਝ ਬਾਰੇ ਜਾਣਕਾਰੀ, ਸਿੱਖਿਆ ਉਦੇਸ਼ ਦਾ ਗਿਆਨ, ਵਿਸ਼ਾ ਵਸਤੂ ਦਾ ਗਿਆਨ ਅਤੇ ਪ੍ਰਭਾਵਸ਼ਾਲੀ ਵਿਧੀਆਂ ਦੇ ਪ੍ਰਯੋਗ ਵਿਚ ਉਸ ਦੀ ਯੋਗਤਾ ਦਾ ਵਰਤਣਾ।''

ਪਾਠ-ਯੋਜਨਾ ਪੜ੍ਹਾਉਣ ਸਮੇਂ ਕੀਤੇ ਜਾਣ ਵਾਲੇ ਕੰਮਾਂ ਦੀ ਰੂਪ-ਰੇਖਾ ਦਰਸਾਉਂਦੀ ਹੈ ਜਿਸ ਤੋਂ ਅਧਿਆਪਕ ਨੂੰ ਪਤਾ ਲਗਦਾ ਹੈ ਕਿ ਉਸਨੇ ਕੀ, ਕਿੰਨਾ ਅਤੇ ਕਿਵੇਂ ਪੜ੍ਹਾਉਣਾ ਹੈ। ਪਾਠ ਯੋਜਨਾ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਯੋਗਤਾਵਾਂ ਅਨੁਸਾਰ ਹੁੰਦੀ ਹੈ।

## 2.5.4 ਪਾਠ ਯੋਜਨਾ ਦਾ ਮਹੱਤਵ (Importance of Lesson Plan) :

ਪਾਠ ਯੋਜਨਾ ਤਿਆਰ ਕਰਨ ਦਾ ਮਹੱਤਵ ਹੇਠ ਦਿੱਤਾ ਗਿਆ ਹੈ :

### 1. ਅਧਿਆਪਨ ਸਮੱਗਰੀ ਦਾ ਪ੍ਰਬੰਧ ਕਰਨ ਵਿਚ ਮਦਦ (Helpful in Managing Material)

ਪੜ੍ਹਾਉਣ ਸਮੇਂ ਸਭ ਤੋਂ ਪਹਿਲਾਂ ਅਧਿਆਪਕ ਨੂੰ ਵਿਸ਼ਾ ਸਮੱਗਰੀ ਦੀ ਜ਼ਰੂਰਤ ਪੈਂਦੀ ਹੈ। ਵਿਸ਼ਾ ਵਸਤੂ ਭਾਵੇਂ ਪਾਠ ਪੁਸਤਕ ਵਿੱਚ ਮਿਲ ਜਾਂਦਾ ਹੈ ਪਰ ਫਿਰ ਵੀ ਇਸਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਹੈ।

### 2. ਅਧਿਆਪਨ ਵਿਧੀਆਂ ਦੀ ਚੋਣ (Selection of Teaching Methods)

ਵਿਸ਼ਾ ਵਸਤੂ ਦਾ ਪ੍ਰਬੰਧ ਕਰਨ ਤੋਂ ਬਾਅਦ ਅਧਿਆਪਕ ਪੜ੍ਹਾਉਣ ਦੇ ਢੰਗ ਦੀ ਚੋਣ ਕਰਦਾ ਹੈ ਕਿ ਕਿਹੜੀ ਵਿਧੀ ਵਿਦਿਆਰਥੀਆਂ ਲਈ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦੀ ਹੈ ਉਸ ਦੀ ਚੋਣ ਅਧਿਆਪਕ ਕਰਦਾ ਹੈ। ਪਾਠ-ਯੋਜਨਾ ਵਿੱਚ ਇਸ ਦਾ ਜ਼ਿਕਰ ਕਰਦਾ ਹੈ। ਕਲਾਸ ਵਿਚ ਜਾ ਕੇ ਅਧਿਆਪਕ ਨੂੰ ਇਹ ਨਹੀਂ ਸੋਚਣਾ ਪੈਂਦਾ ਕਿ ਕਿਹੜੀ ਵਿਧੀ ਅਪਨਾਉਣੀ ਹੈ।

### 3. ਸਮੇਂ ਅਤੇ ਸ਼ਕਤੀ ਦੀ ਬੱਚਤ (Saves Time and Energy)

ਪਾਠ ਯੋਜਨਾ ਕਰਨ ਨਾਲ ਸਮੇਂ ਅਤੇ ਸ਼ਕਤੀ ਦੀ ਬੱਚਤ ਹੁੰਦੀ ਹੈ ਕਿਉਂਕਿ ਪਾਠ ਯੋਜਨਾ ਵਿਚ ਇਹ ਸਪੱਸ਼ਟ ਹੁੰਦਾ ਹੈ ਕਿ ਅਧਿਆਪਕ ਨੇ ਕੀ, ਕਿਵੇਂ ਅਤੇ ਕਦੋਂ ਪੜ੍ਹਾਉਣਾ ਹੈ। ਅਧਿਆਪਕ ਨੇ ਆਪਣੀ ਪਾਠ ਯੋਜਨਾ ਵਿਚ ਲਿਖਿਆ ਹੁੰਦਾ ਹੈ ਕਿ ਕਦੋਂ ਬਲੈਕ ਬੋਰਡ ਵਰਤਣਾ ਹੈ ? ਕਦੋਂ ਸਹਾਇਕ ਸਮੱਗਰੀ ਦੀ ਵਰਤੋਂ ਕਰਨੀ ਹੈ ਆਦਿਕ। ਇਸ ਨਾਲ ਕਾਫ਼ੀ ਸਮਾਂ ਬਚ ਜਾਂਦਾ ਹੈ।

### 4. ਆਤਮ ਵਿਸ਼ਵਾਸ ਵਧਾਉਣ ਵਿਚ ਸਹਾਇਤਾ (Helps in Increasing Self-confidence)

ਅਧਿਆਪਕ ਦਾ ਪੜ੍ਹਾਉਣ ਦਾ ਕੰਮ ਜਿੰਨਾ ਜ਼ਿਆਦਾ ਤਿਆਰ ਹੁੰਦਾ ਹੈ, ਉਨ੍ਹਾਂ ਹੀ ਆਪਣੇ ਆਪ ਤੇ ਵਿਸ਼ਵਾਸ ਜ਼ਿਆਦਾ ਹੁੰਦਾ ਹੈ। ਅਧਿਆਪਕ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਨੇ ਵਿਦਿਆਰਥੀਆਂ ਨੂੰ ਕਿਸ ਤਰ੍ਹਾਂ ਪ੍ਰੇਰਤ ਕਰਨਾ ਹੈ। ਆਤਮ ਵਿਸ਼ਵਾਸ ਅਧਿਆਪਕ ਦੇ ਕੰਮ ਨੂੰ ਰੋਚਕ, ਉਪਯੋਗੀ, ਪ੍ਰਭਾਵਸ਼ਾਲੀ ਅਤੇ ਆਨੰਦਮਈ ਬਣਾ ਸਕਦਾ ਹੈ। ਪਾਠ ਯੋਜਨਾ ਅਧਿਆਪਕ ਨੂੰ ਆਤਮ ਵਿਸ਼ਵਾਸ ਵਧਾਉਣ ਵਿਚ ਸਹਾਇਤਾ ਕਰਦੀ ਹੈ।

### 5. ਉਦੇਸ਼ਾਂ ਦੀ ਸਪੱਸ਼ਟਤਾ (Clarity of Aims)

ਪਾਠ ਪੜ੍ਹਾਉਣ ਦੇ ਕੀ ਉਦੇਸ਼ ਹਨ, ਜਦੋਂ ਤੱਕ ਅਧਿਆਪਕ ਨੂੰ ਉਦੇਸ਼ ਸਪੱਸ਼ਟ ਨਹੀਂ ਹੋ ਜਾਂਦੇ ਉਦੋਂ ਤਕ ਉਹ ਪਾਠ ਵਿੱਚ ਰੁਚੀ ਨਹੀਂ ਲੈ ਸਕਦਾ। ਪਾਠ ਯੋਜਨਾ ਵਿਚ ਪੜ੍ਹਾਉਣ ਦਾ ਕੰਮ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਖਾਸ ਅਤੇ ਆਮ ਉਦੇਸ਼ਾਂ ਦਾ ਗਿਆਨ ਹੋ ਜਾਂਦਾ ਹੈ। ਪੜ੍ਹਾਉਂਦੇ ਸਮੇਂ ਉਸ ਨੂੰ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਕਰਨੀ ਹੈ।

### 6. ਮੁਲਾਂਕਣ ਵਿਚ ਸਹਾਇਤਾ (Helpful in Evaluation)

ਕਲਾਸ ਵਿਚ ਜੋ ਪੜ੍ਹਾਇਆ ਹੈ ਉਸਦਾ ਨਾਲ ਨਾਲ ਮੁਲਾਂਕਣ ਹੋਣਾ ਜ਼ਰੂਰੀ ਹੈ। ਪਾਠ ਯੋਜਨਾ ਦੁਹਰਾਈ ਪ੍ਰਸ਼ਨ ਲਿਖ ਲਏ ਜਾਂਦੇ ਹਨ ਤੇ ਸਮੇਂ ਸਮੇਂ ਤੇ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਪਾਠ ਯੋਜਨਾ ਵਿਚ ਵਿਦਿਆਰਥੀ ਦੇ ਮੁਲਾਂਕਣ ਦੇ ਨਾਲ ਨਾਲ ਅਧਿਆਪਕ ਨੂੰ ਵੀ ਪਤਾ ਲਗਦਾ ਹੈ ਕਿ ਉਹ ਕਿਥੋਂ ਤੱਕ ਸਫਲ ਹੋਇਆ ਹੈ। ਅਗਲੀ ਪਾਠ ਯੋਜਨਾ ਵਿਚ ਜ਼ਰੂਰੀ ਸੁਧਾਰ ਕਰਦਾ ਹੈ।

ਪਾਠ ਯੋਜਨਾ ਦੁਆਰਾ ਵਿਅਰਥ ਗੱਲਾਂ ਤੋਂ ਬੱਚਿਆ ਜਾ ਸਕਦਾ ਹੈ। ਕਈ ਵਾਰ ਅਧਿਆਪਕ ਪੜ੍ਹਾਉਂਦੇ ਸਮੇਂ ਆਪਣੇ ਵਿਸ਼ੇ ਤੋਂ ਦੂਰ ਚਲਾ ਜਾਂਦਾ ਹੈ। ਪਰ ਪਾਠ ਯੋਜਨਾ ਅਧਿਆਪਕ ਨੂੰ ਅਜਿਹਾ ਨਹੀਂ ਕਰਨ ਦਿੰਦੀ।

## 2.5.5 ਪਾਠ ਯੋਜਨਾ ਦੇ ਸਿਧਾਂਤ (Principles of Lesson Plan)

ਕੁਝ ਸਿਧਾਂਤ ਹੇਠ ਦਿਤੇ ਗਏ ਹਨ ਜਿਹੜੇ ਪਾਠ ਯੋਜਨਾ ਬਣਾਉਣ ਸਮੇਂ ਸਹਾਇਤਾ ਕਰ ਸਕਦੇ ਹਨ:

1. ਅਧਿਆਪਕ ਨੇ ਜਿਹੜਾ ਵਿਸ਼ਾ ਵਸਤੂ ਪੜ੍ਹਾਉਣ ਲਈ ਚੁਣਿਆ ਹੈ ਉਸ ਵਿੱਚ ਉਹ ਮਾਹਿਰ ਹੋਣਾ ਚਾਹੀਦਾ ਹੈ।
2. ਪਾਠ ਯੋਜਨਾ ਬਣਾਉਂਦੇ ਸਮੇਂ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਦੀਆਂ ਰੁਚੀਆਂ, ਯੋਗਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਾਠ ਯੋਜਨਾ ਬਣਾਉਂਦੇ ਸਮੇਂ ਅਧਿਆਪਕ ਨੂੰ ਬੱਚਿਆਂ ਦੇ ਮਨੋਵਿਗਿਆਨ ਦਾ ਧਿਆਨ ਰੱਖਣਾ ਚਾਹੀਦਾ ਹੈ।
3. ਅਧਿਆਪਕ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ ਅਤੇ ਵਿਧੀਆਂ ਵਿਚ ਮਾਹਿਰ ਹੋਣਾ ਚਾਹੀਦਾ ਹੈ।
4. ਪਾਠ ਯੋਜਨਾ ਵਿਚ ਲਚਕੀਲਾਪਣ ਹੋਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਮੁਤਾਬਿਕ ਵਰਤਿਆ ਜਾ ਸਕੇ।
5. ਪਾਠ ਯੋਜਨਾ ਇਹੋ ਜਿਹੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਵਿਦਿਆਰਥੀ ਵੱਧ ਤੋਂ ਵੱਧ ਹਿੱਸਾ ਲੈ ਸਕਣ। ਦੁਹਰਾਈ ਪ੍ਰਸ਼ਨ ਨਾਲ ਨਾਲ ਪੁੱਛਣੇ ਚਾਹੀਦੇ ਹਨ ਤਾਂ ਕਿ ਵਿਦਿਆਰਥੀ ਪਾਠ ਵਿਚ ਹਿੱਸਾ ਲੈ ਸਕਣ।

## 2.5.6 ਪਾਠ ਯੋਜਨਾ ਦਾ ਉਦੇਸ਼ (Aims of the Lesson Plan)

1. ਪਾਠ ਯੋਜਨਾ ਬਣਾਉਣ ਨਾਲ ਅਧਿਆਪਕ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਨੇ ਕੀ ਪੜ੍ਹਾਉਣਾ ਹੈ ਕਿਵੇਂ ਅਤੇ ਕਿੰਨਾ ਪੜ੍ਹਾਉਣਾ ਹੈ।
2. ਪਾਠ ਯੋਜਨਾ ਦਾ ਸਭ ਤੋਂ ਮੁੱਖ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਚੰਗੀ ਤਰਤੀਬ ਨਾਲ ਪੜ੍ਹਾਇਆ ਜਾ ਸਕਦਾ ਹੈ।
3. ਪਾਠ ਯੋਜਨਾ ਦੁਆਰਾ ਅਧਿਆਪਕ ਨੂੰ ਵਿਦਿਆਰਥੀਆਂ ਦੇ ਪਹਿਲੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲਗਦਾ ਹੈ।
4. ਪਾਠ ਯੋਜਨਾ ਦੁਆਰਾ ਅਧਿਆਪਕ ਵਿਦਿਆਰਥੀਆਂ ਨੂੰ ਅਤੇ ਵਿਸ਼ੇ ਪਾਠ ਲਈ ਪ੍ਰੇਰਿਤ ਕਰਦਾ ਹੈ।
5. ਪਾਠ ਯੋਜਨਾ ਦੁਆਰਾ ਅਧਿਆਪਕ ਨੂੰ ਉਨ੍ਹਾਂ ਨਿਯਮ ਤੋਂ ਜਾਣੂ ਕਰਵਾਉਂਦੀ ਹੈ ਜਿੰਨਾ ਨਿਯਮਾਂ ਅਨੁਸਾਰ ਅਧਿਆਪਕ ਨੇ ਪਾਠ ਪੜ੍ਹਾਉਣਾ ਹੈ।
6. ਪਾਠ ਯੋਜਨਾ ਰਾਹੀਂ ਅਧਿਆਪਕ ਆਪਣਾ ਬਿਖਰਿਆ ਹੋਇਆ ਗਿਆਨ ਇਕੱਠਾ ਕਰਕੇ ਕ੍ਰਮਬੱਧ ਢੰਗ ਨਾਲ ਵਿਦਿਆਰਥੀਆਂ ਨੂੰ ਵੰਡਦਾ ਜਾਂ ਪ੍ਰਦਾਨ ਕਰਦਾ ਹੈ।

## 2.5.7 ਪਾਠ ਯੋਜਨਾ ਦੇ ਪੜਾਅ ਜਾਂ ਕਦਮ (Steps of lesson Plan) :

ਪਾਠ ਯੋਜਨਾ ਕਿਵੇਂ ਬਣਾਉਣੀ ਹੈ ? ਇਸ ਸੰਬੰਧ ਵਿਚ ਸਿੱਖਿਆ ਸ਼ਾਸਤਰੀ ਜੇ.ਈ. ਹਰਬਰਟ ਨੇ ਪਾਠ ਯੋਜਨਾ ਲਈ ਕੁਝ ਕਦਮ (Step) ਦਰਸਾਏ ਹਨ, ਜੋ ਹੇਠ ਲਿਖੇ ਹਨ :

### 1. ਸਾਧਾਰਨ ਉਦੇਸ਼ (General Aims)

ਹਰ ਇਕ ਵਿਸ਼ੇ ਦੇ ਸਾਧਾਰਨ ਉਦੇਸ਼ ਹਨ। ਇਕ ਵਿਸ਼ੇ ਦੇ ਹਰੇਕ ਪਾਠ ਦੇ ਸਾਧਾਰਨ ਉਦੇਸ਼ ਲਗਭਗ ਇਕੋ ਜਿਹੇ ਹੀ ਹੁੰਦੇ ਹਨ। ਜਿਵੇਂ ਕਿ :

(ੳ) ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।

(ਅ) ਬੱਚਿਆਂ ਦੀ ਕਲਪਨਾ ਸ਼ਕਤੀ ਵਿਚ ਵਿਕਾਸ ਕਰਨਾ।

(ੲ) ਅਤੀਤ ਅਤੇ ਵਰਤਮਾਨ ਘਟਨਾਵਾਂ ਦੱਸਕੇ ਭਵਿੱਖ ਲਈ ਤਿਆਰ ਕਰਨਾ।

(ਸ) ਵਿਦਿਆਰਥੀਆਂ ਵਿਚ ਰਾਸ਼ਟਰੀ ਏਕਤਾ ਅਤੇ ਅੰਤਰਰਾਸ਼ਟਰੀ ਸੂਝ ਵਿਕਸਿਤ ਕਰਨਾ।

(ਹ) ਵਿਦਿਆਰਥੀਆਂ ਨੂੰ ਭੂਗੋਲਿਕ ਤੱਥਾਂ ਤੋਂ ਜਾਣੂ ਕਰਵਾਉਣਾ।

(ਕ) ਵਿਦਿਆਰਥੀਆਂ ਨੂੰ ਸੰਸਾਰ ਦੇ ਰਾਜਨੀਤਿਕ ਨਕਸ਼ੇ ਤੋਂ ਜਾਣੂ ਕਰਵਾਉਣਾ।

(ਖ) ਵਿਦਿਆਰਥੀ ਵਿਚ ਆਪਣੇ ਆਲੇ ਦੁਆਲੇ ਨੂੰ ਜਾਨਣ ਦੀ ਰੁਚੀ ਵਿਕਸਿਤ ਕਰਨਾ।

(ਗ) ਵਿਦਿਆਰਥੀਆਂ ਨੂੰ ਵਾਤਾਵਰਨ ਤੋਂ ਜਾਣੂ ਕਰਵਾਉਣਾ।

(ਘ) ਵਿਦਿਆਰਥੀਆਂ ਵਿਚ ਨਾਗਰਿਕ ਸ਼ਾਸਤਰ ਪ੍ਰਤੀ ਰੁਚੀ ਪੈਦਾ ਕਰਨਾ।

(ਙ) ਵਿਦਿਆਰਥੀਆਂ ਨੂੰ ਰਾਜਨੀਤਿਕ ਢਾਂਚੇ ਦਾ ਗਿਆਨ ਪ੍ਰਦਾਨ ਕਰਨਾ।

(ਚ) ਵਿਦਿਆਰਥੀਆਂ ਨੂੰ ਲੋਕਤੰਤਰ ਦੇ ਡਿਕਟੇਟਰਸ਼ਿਪ ਤੋਂ ਜਾਣੂ ਕਰਵਾਉਣਾ।

(ਛ) ਚੰਗੇ ਨਾਗਰਿਕ ਬਣਾਉਣਾ।

(ਜ) ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾਉਣਾ।

### 2. ਵਿਸ਼ੇਸ਼ ਉਦੇਸ਼ (Specific Aims) :

ਵਿਸ਼ੇਸ਼ ਉਦੇਸ਼ ਪੜ੍ਹਾਏ ਜਾਣ ਵਾਲੇ ਉਪ ਵਿਸ਼ੇ ਤੇ ਨਿਰਭਰ ਕਰਦਾ ਹੈ। ਹਰੇਕ ਪਾਠ ਦਾ ਕੋਈ ਵਿਸ਼ੇਸ਼ ਉਦੇਸ਼ ਜਾਂ ਕੁਝ ਵਿਸ਼ੇਸ਼ ਉਦੇਸ਼ ਹੁੰਦੇ ਹਨ।

### 3. ਸਹਾਇਕ ਸਮੱਗਰੀ (Teaching Aids) :

ਕੋਈ ਪਾਠ ਚੰਗੀ ਤਰ੍ਹਾਂ ਪੜ੍ਹਾਉਣ ਲਈ ਸਹਾਇਕ ਸਮੱਗਰੀ ਦੀ ਜ਼ਰੂਰਤ ਹੁੰਦੀ ਹੈ। ਇੱਕ ਵਾਰ ਵਿਖਾਉਣਾ ਸੌ ਵਾਰ ਦੱਸਣ ਨਾਲੋਂ ਵਧੇਰੇ ਚੰਗਾ ਹੈ (One vision is better than hundred times tellings)। ਸਹਾਇਕ ਸਮੱਗਰੀ ਗੁੰਝਲਦਾਰ ਤੱਥਾਂ ਨੂੰ ਸਰਲ ਬਣਾ ਦਿੰਦੀ ਹੈ।

### 4. ਪੜ੍ਹਾਉਣ ਦੀ ਵਿਧੀ (Teaching Method) :

ਪਾਠ ਯੋਜਨਾ ਦਾ ਇਹ ਮਹੱਤਵਪੂਰਨ ਕਦਮ ਹੈ। ਹਰੇਕ ਵਿਸ਼ਾ ਪੜ੍ਹਾਉਣ ਲਈ ਵੱਖ-ਵੱਖ ਪਾਠ ਲਈ ਵੱਖ-ਵੱਖ ਵਿਧੀਆਂ ਸਹਾਇਕ ਹੁੰਦੀਆਂ ਹਨ।

### 5. ਪੂਰਵ ਗਿਆਨ (Previous Knowledge) :

ਨਵਾਂ ਉਪ-ਵਿਸ਼ਾ ਪੜ੍ਹਾਉਣ ਤੋਂ ਪਹਿਲਾਂ ਉਸ ਨਾਲ ਸੰਬੰਧਤ ਪੂਰਵ ਗਿਆਨ ਦੀ ਪਰਖ ਕਰਨੀ ਚਾਹੀਦੀ ਹੈ। ਪੂਰਵ ਗਿਆਨ ਦੀ ਪਰਖ ਲਈ ਚਾਰ ਜਾਂ ਪੰਜ ਪ੍ਰਸ਼ਨ ਪੁੱਛਣੇ ਚਾਹੀਦੇ ਹਨ। ਕਈ ਵਾਰ ਅਧਿਆਪਕ ਨੂੰ ਆਪਣੇ ਬੱਚਿਆਂ ਦਾ ਪੂਰਵ ਗਿਆਨ ਪਤਾ ਹੁੰਦਾ ਹੈ।

### 6. ਭੂਮਿਕਾ (Introduction) :

ਜਮਾਤ ਨੂੰ ਠੀਕ ਤਰ੍ਹਾਂ ਪਾਠ ਦੀ ਭੂਮਿਕਾ ਬੰਨ੍ਹਣੀ ਅਧਿਆਪਕ ਤੇ ਨਿਰਭਰ ਕਰਦੀ ਹੈ। ਪਾਠ ਦੀ ਭੂਮਿਕਾ ਢੁੱਕਵੀਂ ਹੋਣੀ ਚਾਹੀਦੀ ਹੈ। ਪਾਠ ਦਾ ਅਰੰਭ ਚਾਲੂ ਮਾਮਲੇ ਦਾ ਹਵਾਲਾ ਦੇ ਕੇ ਵੀ ਕੀਤਾ ਜਾ ਸਕਦਾ ਹੈ।

### 7. ਉਪ-ਵਿਸ਼ੇ ਦਾ ਐਲਾਨ ਕਰਨਾ (Announcement of the Sub-Topic) :

ਭੂਮਿਕਾ ਤੋਂ ਬਾਅਦ ਅਧਿਆਪਕ ਵਿਦਿਆਰਥੀ ਨੂੰ ਐਲਾਨ ਕਰੇਗਾ ਕਿ ਬੱਚਿਓ, ਅੱਜ ਅਸੀਂ.................... ਵਿਸ਼ੇ ਬਾਰੇ ਪੜ੍ਹਾਂਗੇ।

## 8. **ਵਿਸ਼ਾ ਪ੍ਰਵੇਸ਼ (Presentation) :**

ਪਾਠ ਨੂੰ ਪੇਸ਼ ਕਰਨ ਪਾਠ ਯੋਜਨਾ ਵਿਚ ਲਿਖਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਹਰ ਇਕ ਪਾਠ ਨੂੰ ਇਕਾਈਆਂ (Units) ਜਾਂ (Section) ਸੈਕਸ਼ਨਾਂ ਵਿਚ ਵੰਡਿਆ ਜਾਵੇ।
2. ਪਾਠ ਯੋਜਨਾ ਨੋਟ ਬੁਕ (Lesson Planning Note Book) ਦੇ ਸਫੇ ਨੂੰ ਲਗਭਗ ਪੰਜ ਭਾਗਾਂ ਵਿਚ ਵੰਡ ਲਿਆ ਜਾਵੇ।
3. ਵਿਦਿਆਰਥੀਆਂ ਨੂੰ ਮਾਨਸਿਕ ਤੌਰ ਤੇ ਜਾਗਰਿਤ ਰੱਖਣ ਲਈ ਕੁਝ ਪ੍ਰਸ਼ਨ ਪੁੱਛੇ ਜਾਣ।
4. ਬਲੈਕ ਬੋਰਡ ਤੇ ਜੋ ਲਿਖਣਾ ਹੈ ਉਸ ਨੂੰ ਨੋਟ ਬੁਕ ਵਿਚ ਲਿਖਿਆ ਜਾਵੇ।
5. ਹਰ ਇਕ ਪੜ੍ਹਾਉਣ ਦੀ ਵਿਧੀ ਤੇ ਵਿਸ਼ਾ ਵਸਤੂ ਲਿਖਿਆ ਜਾਵੇ।
6. ਇਕ ਇਕਾਈ ਨੂੰ ਪੜ੍ਹਾ ਕੇ ਉਸ ਤੋਂ ਬਾਅਦ ਦੂਜੀ ਇਕਾਈ ਸ਼ੁਰੂ ਕੀਤੀ ਜਾਵੇ। ਅਧਿਆਪਕ ਨੂੰ ਅਗਲੇ ਸੈਕਸ਼ਨ ਵੱਲ ਉਦੋਂ ਤਕ ਨਹੀਂ ਵਧਣਾ ਚਾਹੀਦਾ ਜਦ ਤਕ ਪਿਛਲਾ ਬਿਲਕੁਲ ਸਪਸ਼ਟ ਨਾ ਹੋਵੇ। ਇਹ ਅਸੂਲ ਛੋਟੀਆਂ ਜਮਾਤਾਂ ਲਈ ਵਿਸ਼ੇਸ਼ ਕਰਕੇ ਅਪਣਾਇਆ ਜਾਂਦਾ ਹੈ।

## 9. **ਦੁਹਰਾਈ ਪ੍ਰਸ਼ਨ (Recapitulation) :**

ਅਧਿਆਪਕ ਨੂੰ ਸਾਰਾ ਪਾਠ ਪੜ੍ਹਾਉਣ ਦੇ ਬਾਅਦ ਵਿਚ ਦੁਹਰਾਈ ਪ੍ਰਸ਼ਨ ਪੁੱਛਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਦੱਸੇ ਸਥਾਨਾਂ ਨੂੰ ਨਕਸ਼ੇ ਵਿਚ ਦਿਖਾਉਣ ਲਈ ਕਿਹਾ ਜਾ ਸਕਦਾ ਹੈ।

## 10. **ਘਰ ਦਾ ਕੰਮ (Home Work) :**

ਪਾਠ ਪੜ੍ਹਾਉਣ ਤੋਂ ਬਾਅਦ ਵਿਦਿਆਰਥੀਆਂ ਨੂੰ ਘਰ ਦਾ ਕੰਮ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਘਰ ਦੇ ਕੰਮ ਵਿਚ ਨਕਸ਼ੇ, ਚਾਰਟ, ਸਮਾਂ ਰੇਖਾ, ਸਰਲ ਮਾਡਲ, ਵਸਤੂਗਤ ਵੰਨਗੀ ਦੇ ਪ੍ਰਸ਼ਨ, ਨਿਬੰਧ ਵੰਨਗੀ ਦੇ ਪ੍ਰਸ਼ਨ ਆਦਿ ਵਿਚੋਂ ਕਿਸੇ ਇਕ ਬਾਰੇ ਘਰ ਦਾ ਕੰਮ ਦਿੱਤਾ ਜਾਂਦਾ ਹੈ।

ਪਾਠ ਯੋਜਨਾ ਦੇ ਨਮੂਨੇ ਨਿਮਨਲਿਖਿਤ ਅਨੁਸਾਰ ਹਨ :

**ਪਾਠ ਯੋਜਨਾ ਨੰ: 1**

ਵਿਦਿਆਰਥੀ-ਅਧਿਆਪਕ ਦਾ ਰੋਲ ਨੰ:.............................

| | | | |
|---|---|---|---|
| ਵਿਸ਼ਾ | : | ਸਮਾਜਿਕ ਸਿੱਖਿਆ | |
| ਉਪ-ਵਿਸ਼ਾ | : | ਸਮਰਾਟ ਅਸ਼ੋਕ | |
| ਕਲਾਸ | : | ਸੱਤਵੀਂ | |
| ਸਮਾਂ | : | 40 ਮਿੰਟ | ਮਿਤੀ................................ |

**ਸਾਧਾਰਨ ਉਦੇਸ਼ (General Aims) :**

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਵਿਚ ਵਾਧਾ ਕਰਨਾ।
3. ਅਤੀਤ ਅਤੇ ਵਰਤਮਾਨ ਘਟਨਾਵਾਂ ਦੱਸ ਕੇ ਭਵਿੱਖ ਲਈ ਤਿਆਰ ਕਰਨਾ।
4. ਵਿਦਿਆਰਥੀਆਂ ਵਿਚ ਆਪਣੇ ਵਿਰਸੇ ਪ੍ਰਤੀ ਰੁਚੀ ਪੈਦਾ ਕਰਨਾ।

**ਵਿਸ਼ੇਸ਼ ਉਦੇਸ਼ (Specific Aims)**

1. ਮਹਾਰਾਜਾ ਅਸ਼ੋਕ ਦੇ ਜੀਵਨ ਤੋਂ ਜਾਣੂ ਕਰਵਾਉਣਾ।
2. ਕਲਿੰਗਾ ਜਿੱਤਣ ਤੋਂ ਬਾਅਦ ਬੁੱਧ ਮੱਤ ਧਾਰਨ ਕਰਨਾ।

**ਸਹਾਇਕ ਸਮੱਗਰੀ (Teaching Aids) :**

ਬਲੈਕ ਬੋਰਡ, ਚਾਕ, ਝਾੜਨ, ਭਾਰਤ ਦਾ ਰਾਜਨੀਤਿਕ ਨਕਸ਼ਾ, ਭਾਰਤ ਦਾ ਕੌਮੀ ਝੰਡਾ।

**ਪੜ੍ਹਾਉਣ ਦੀ ਵਿਧੀ (Teaching Method) :** ਲੈਕਚਰ ਵਿਧੀ ਤੇ ਪ੍ਰੋਜੈਕਟ ਵਿਧੀ।

**ਪੂਰਵ ਗਿਆਨ ਦੀ ਪਰਖ (Previous Knowledge) :**

1. ਬੁੱਧ ਮੱਤ ਬਾਰੇ ਤੁਸੀਂ ਕੀ ਜਾਣਦੇ ਹੋ ?
2. ਬੁੱਧ ਮੱਤ ਦੇ ਕਿਹੜੇ ਕਿਹੜੇ ਅਸੂਲ ਹਨ ?
3. ਭਾਰਤ ਦੇ ਕੌਮੀ ਝੰਡੇ ਵਿਚ ਕਿੰਨੇ ਰੰਗ ਹਨ ?
4. ਕੌਮੀ ਝੰਡੇ ਦੇ ਵਿਚਕਾਰ ਚੱਕਰ ਦਾ ਨਿਸ਼ਾਨ ਕਿਸ ਕੋਲੋਂ ਆਇਆ ?

**ਭੂਮਿਕਾ (Introduction) :**

ਸੰਸਾਰ ਵਿਚ ਵਖੋ-ਵੱਖਰੇ ਧਰਮ ਜਿਵੇਂ ਸਿੱਖ ਧਰਮ, ਹਿੰਦੂ ਧਰਮ, ਬੁੱਧ ਮੱਤ, ਜੈਨ ਧਰਮ, ਮੁਸਲਿਮ ਧਰਮ ਅਤੇ ਈਸਾਈ ਧਰਮ ਆਦਿ ਹਨ। ਭਾਰਤ ਦੇ ਕੌਮੀ ਝੰਡੇ ਵਿਚ ਤਿੰਨ ਰੰਗ ਹਨ ਤੇ ਇਹ ਤਿੰਨੇ ਰੰਗ ਵੱਖੋ-ਵੱਖਰੀ ਮਹਾਨਤਾ ਦਰਸਾਉਂਦੇ ਹਨ। ਕੌਮੀ ਝੰਡੇ ਦੇ ਵਿਚਕਾਰ ਚੱਕਰ ਦਾ ਨਿਸ਼ਾਨ ਸਮਰਾਟ ਅਸ਼ੋਕ ਕੋਲੋਂ ਆਇਆ।

**ਉਪ-ਵਿਸ਼ੇ ਦਾ ਐਲਾਨ (Announcement of the Sub-Topic) :**

ਵਿਦਿਆਰਥੀਆਂ ਨੂੰ ਅਧਿਆਪਕ ਦੱਸੇਗਾ ਕਿ ਇਹ ਝੰਡੇ ਵਿਚਲਾ ਚੱਕਰ ਅਸ਼ੋਕ ਪਾਸੋਂ ਆਇਆ ਹੈ। ਸੋ ਪਿਆਰੇ ਬੱਚਿਓ, ਅੱਜ ਅਸੀਂ ਮਹਾਨ ਅਸ਼ੋਕ ਬਾਰੇ ਪੜ੍ਹਾਂਗੇ।

ਪਾਠ ਨੂੰ ਦੋ ਸੈਕਸ਼ਨਾਂ ਵਿਚ ਵੰਡਿਆ ਜਾਵੇਗਾ।

1. ਮਹਾਰਾਜਾ ਅਸ਼ੋਕ ਬਾਰੇ ਸਾਧਾਰਨ ਜਾਣਕਾਰੀ।
2. ਕਲਿੰਗਾ ਦਾ ਜਿੱਤ

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ |
|---|---|---|---|
| ਸਮਰਾਟ ਅਸ਼ੋਕ | ਤਿੰਨ ਰੰਗਾਂ ਦੀ ਮਹੱਤਤਾ ਦੱਸਦਾ ਕੌਮੀ ਝੰਡੇ ਦੇ ਵਿਚਕਾਰਲਾ ਵਿਸ਼ਾਲ ਮਹਾਰਾਜਾ ਅਸ਼ੋਕ ਪਾਸੋਂ ਆਇਆ। ਮਹਾਰਾਜਾ ਅਸ਼ੋਕ ਬਿੰਦੂਸਾਰ ਦਾ ਸਪੁੱਤਰ ਸੀ ਅਤੇ ਉਸ ਦੇ ਦਾਦੇ ਦਾ ਨਾਂ ਚੰਦਰਗੁਪਤ ਮੋਰੀਆ ਸੀ। ਬਿੰਦੂਸਾਰ ਦਾ ਸਭ ਤੋਂ ਵੱਡਾ ਪੁੱਤਰ ਸੀ, ਉਹ ਆਪਣੇ 98 ਭਰਾਵਾਂ ਨੂੰ ਮਾਰ ਕੇ ਜ਼ਬਰਦਸਤੀ ਤਖ਼ਤ ਤੇ ਬੈਠਾ ਸੀ। | | ਮਹਾਰਾਜਾ ਅਸ਼ੋਕ ਦੇ ਪਿਤਾ ਦਾ ਨਾਂ ਬਿੰਦੂਸਾਰ ਸੀ ਅਤੇ ਦਾਦੇ ਦਾ ਨਾਂ ਚੰਦਰਗੁਪਤ ਮੋਰੀਆ ਸੀ। |

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ |
|---|---|---|---|
| | ਬਿੰਦੂਸਾਰ ਨੇ ਆਪਣੇ ਜਿਉਂਦੇ ਜੀ ਅਸ਼ੋਕ ਨੂੰ ਆਪਣਾ ਵਾਰਿਸ ਥਾਪ ਦਿੱਤਾ ਸੀ। ਕਿਉਂਕਿ ਉਹ ਸਭ ਭਰਾਵਾਂ ਵਿਚੋਂ ਜ਼ਿਆਦਾ ਸਮਝਦਾਰ ਪ੍ਰਬੰਧਕ ਸੀ। | | |
| ਅਸ਼ੋਕ ਦਾ ਸਾਮਰਾਜ | ਬਾਦਸ਼ਾਹ ਬਣਨ ਤੋਂ ਪਹਿਲਾਂ ਉਹ ਉਜੈਨ ਅਤੇ ਟੈਕਸਾਲਾ ਦਾ ਗਵਰਨਰ ਰਹਿ ਚੁੱਕਾ ਸੀ। ਮਹਾਰਾਜਾ ਅਸ਼ੋਕ ਦਾ ਸਾਮਰਾਜ ਕਾਫ਼ੀ ਦੂਰ ਤੱਕ ਫੈਲਿਆ ਹੋਇਆ ਸੀ। ਪਰ ਫਿਰ ਵੀ ਉਸ ਵਿਚ ਕਲਿੰਗ ਨੂੰ ਜਿੱਤਣ ਦੀ ਇੱਛਾ ਸੀ ਕਿਉਂਕਿ ਇਹ ਉਪਜਾਊ ਇਲਾਕਾ ਸੀ। | ਵਿਦਿਆਰਥੀ-ਅਧਿਆਪਕ ਨਕਸ਼ੇ ਦੀ ਵਰਤੋਂ ਕਰੇਗਾ। | ਮਹਾਰਾਜਾ ਅਸ਼ੋਕ ਉਜੈਨ ਅਤੇ ਟੈਕਸਲਾ ਦਾ ਗਵਰਨਰ ਸੀ |
| | ਅਸ਼ੋਕ ਨੇ 61 ਪੂ.ਈ. ਵਿਚ ਕਲਿੰਗ ਉੱਤੇ ਹਮਲਾ ਕਰ ਦਿੱਤਾ। ਇਸ ਸਥਾਨ ਉੱਤੇ ਬੜਾ ਭਿਆਨਕ ਯੁੱਧ ਹੋਇਆ ਜਿਸ ਵਿਚ 1,50,000 ਬੱਚੇ ਕੈਦ ਕੀਤੇ ਗਏ, 1,00,000 ਕਤਲ ਕੀਤੇ ਗਏ। ਇਨ੍ਹਾਂ ਖੂਨ ਖਰਾਬਾ ਵੇਖ ਕੇ ਅਸ਼ੋਕ ਦਾ ਮਨ ਦਹਿਲ ਗਿਆ। ਉਹ ਜਿਧਰ ਨਜ਼ਰ ਉਠਾ ਕੇ ਦੇਖਦਾ ਸੀ, ਉਸ ਨੂੰ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂਸਨ। ਇੰਨੀ ਤਬਾਹੀ ਵੇਖ ਕੇ ਉਸ ਨੇ ਅੱਗੇ ਤੋਂ ਯੁੱਧ ਨਾ ਕਰਨ ਦਾ ਫੈਸਲਾ ਕੀਤਾ। ਬੁੱਧ ਮੱਤ ਧਾਰਣ ਕਰ ਲਿਆ। ਉਸ ਨੇ ਇਸ ਯੁੱਧ ਦੀ ਭਿਆਨਕਰਤਾ ਦਾ ਵਰਣਨ ਥੰਮਾਂ ਚਟਾਨਾਂ ਉੱਤੇ ਕਰਵਾਇਆ। | ਵਿਦਿਆਰਥੀ-ਅਧਿਆਪਕ ਪ੍ਰਸ਼ਨ ਉੱਤਰ ਨਿਪੁੰਨਤਾ ਦੀ ਵਰਤੋਂ ਕਰਦਾ ਹੋਇਆ। ਵਿਦਿਆਰਥੀ ਨੂੰ ਪ੍ਰਸ਼ਨ ਪੁੱਛੇਗਾ। ਦੋ ਦੇਸ਼ਾਂ ਵਿਚਕਾਰ ਯੁੱਧ ਹੋਣ ਨਾਲ ਕੀ ਹੁੰਦਾ ਹੈ ? ਵਿਦਿਆਰਥੀ-ਅਧਿਆਪਕ ਨਕਸ਼ੇ ਦੀ ਵਰਤੋਂ ਕਰੇਗਾ। | ਕਲਿੰਗ ਦੇ ਯੁੱਧ ਵਿਚ 15,00,000 ਆਦਮੀ ਕੈਦ 1,00,000 ਕਤਲ ਕੀਤੇ ਗਏ। |

## ਦੁਹਰਾਈ ਪ੍ਰਸ਼ਨ (Recapitulations) :

1. ਅਸ਼ੋਕ ਦੇ ਪਿਤਾ ਦਾ ਕੀ ਨਾਂ ਸੀ ?
2. ਮਹਾਰਾਜਾ ਅਸ਼ੋਕ ਕਿੰਨ੍ਹਾਂ ਸਥਾਨਾਂ ਦਾ ਗਵਰਨਰ ਸੀ ? (ਨਕਸ਼ੇ ਉੱਪਰ ਦਿਖਾਉ)
3. ਮਹਾਰਾਜਾ ਅਸ਼ੋਕ ਕਲਿੰਗਾਂ ਨੂੰ ਕਿਉਂ ਜਿੱਤਣਾ ਚਾਹੁੰਦਾ ਸੀ ?
4. ਮਹਾਰਾਜਾ ਅਸ਼ੋਕ ਨੇ ਬੁੱਧ ਮੱਤ ਕਿਉਂ ਧਾਰਨ ਕੀਤਾ ?
5. ਵਿਦਿਆਰਥੀ ਨਕਸ਼ੇ ਉਪਰ ਕਲਿੰਗਾ ਦਾ ਸਥਾਨ ਦੱਸਣਗੇ।

**ਘਰ ਦਾ ਕੰਮ (Home Work) :**

1. ਪ੍ਰਸ਼ਨਾਂ ਦੇ ਉੱਤਰ ਦੋ ਜਾਂ ਤਿੰਨ ਲਾਇਨਾਂ ਵਿਚ ਦਿਓ।
   (ੳ) ਅਸ਼ੋਕ ਕਲਿੰਗਾ ਨੂੰ ਕਿਉਂ ਜਿੱਤਣਾ ਚਾਹੁੰਦਾ ਸੀ ?
   (ਅ) ਕਲਿੰਗਾ ਜਿੱਤਣ ਮਗਰੋਂ ਅਸ਼ੋਕ ਨੇ ਬੁੱਧ ਮੱਤ ਕਿਉਂ ਧਾਰਨ ਕੀਤਾ ?
2. ਭਾਰਤ ਦੇ ਰੇਖਾ ਨਕਸ਼ੇ ਵਿਚ ਕਲਿੰਗਾ ਦੇਸ਼, ਗੋਦਾਵਰੀ, ਉਜ਼ੈਨ ਅਤੇ ਟੈਕਸਲਾ ਭਰ ਕੇ ਲਿਆਓ।

**ਪਾਠ ਯੋਜਨਾ ਨੰ: 2**

ਵਿਦਿਆਰਥੀ-ਅਧਿਆਪਕ ਦਾ ਰੋਲ ਨੰ:..............................

| | | |
|---|---|---|
| ਵਿਸ਼ਾ | : | ਸਮਾਜਿਕ ਅਧਿਐਨ |
| ਉਪ-ਵਿਸ਼ਾ | : | ਦੱਖਣੀ ਅਮਰੀਕਾ (ਮੱਕੀ, ਕਣਕ, ਕਪਾਹ) |
| ਕਲਾਸ | : | ਸੱਤਵੀਂ |
| ਸਮਾਂ | : | 40 ਮਿੰਟ ਮਿਤੀ............................ |

**ਸਾਧਾਰਨ ਉਦੇਸ਼**

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਦੀ ਬੌਧਿਕ ਸ਼ਕਤੀ ਦੇ ਵਿਕਾਸ ਕਰਨਾ।
3. ਵਿਦਿਆਰਥੀਆਂ ਵਿਚ ਆਪਣੇ ਦੁਆਲੇ ਨੂੰ ਜਾਨਣ ਦੀ ਰੁਚੀ ਪੈਦਾ ਕਰਨਾ।
4. ਵਿਦਿਆਰਥੀਆਂ ਨੂੰ ਸੰਸਾਰ ਦੀ ਭੂਗੋਲਿਕ ਸਥਿਤੀ ਤੋਂ ਜਾਣੂ ਕਰਵਾਉਣਾ।

**ਵਿਸ਼ੇਸ਼ ਉਦੇਸ਼ :** ਦੱਖਣੀ ਅਮਰੀਕਾ ਦੀ ਖੇਤੀਬਾੜੀ ਬਾਰੇ ਦੱਸਣਾ ਅਤੇ ਇਹ ਦੱਸਣਾ ਝੋਨਾ, ਕਣਕ, ਕਪਾਹ ਅਤੇ ਮੱਕੀ ਕਿੱਥੇ ਹੁੰਦੀ ਹੈ ?

**ਸਹਾਇਕ ਸਮੱਗਰੀ :** ਚਾਕ-ਬੋਰਡ, ਝਾੜਨ, ਦੱਖਣੀ ਅਮਰੀਕਾ ਦਾ ਨਕਸ਼ਾ, ਸੰਸਾਰ ਦਾ ਨਕਸ਼ਾ ਅਤੇ ਚਾਰਟ।

**ਪੜਾਉਣ ਦੀ ਵਿਧੀ :** ਲੈਕਚਰ ਵਿਧੀ ਤੋਂ ਪ੍ਰੋਜੈਕਟ ਵਿਧੀ।

**ਪੂਰਵਕ ਗਿਆਨ ਦੀ ਪਰਖ**

1. ਸੰਸਾਰ ਵਿਚ ਕਿੰਨੇ ਮਹਾਂਦੀਪ ਹਨ ?
2. ਅਸੀਂ ਕਿਹੜੇ ਮਹਾਂਦੀਪ ਵਿਚ ਰਹਿੰਦੇ ਹਾਂ ?
3. ਸਾਡੇ ਦੇਸ਼ ਵਿਚ ਕਿਹੜੀਆਂ ਫਸਲਾਂ ਹੁੰਦੀਆਂ ਹਨ ?

**ਭੂਮਿਕਾ :** ਜਿਸ ਤਰ੍ਹਾਂ ਸਾਡੇ ਦੇਸ਼ ਵਿਚ ਮੁੱਖ ਫਸਲਾਂ ਝੋਨਾ, ਕਣਕ, ਮੱਕੀ ਆਦਿ ਹਨ। ਇਸ ਤਰ੍ਹਾਂ ਦੱਖਣੀ ਅਮਰੀਕਾ ਵਿਚ ਵੀ ਕੁਝ ਫਸਲਾਂ ਉਗਾਈਆਂ ਜਾਂਦੀਆਂ ਹਨ। ਸੰਸਾਰ ਦੇ ਨਕਸ਼ੇ ਵਿਚ ਦੱਖਣੀ ਅਮਰੀਕਾ ਦਾ ਖੇਤਰ ਦਿਖਾਇਆ ਜਾਂਦਾ ਹੈ।

**ਉਪ-ਵਿਸ਼ੇ ਦਾ ਐਲਾਨ**

ਵਿਦਿਆਰਥੀ ਅਧਿਆਪਕ ਦੱਸੇਗਾ ਕਿ ਪਿਆਰੇ ਬੱਚਿਓ ! ਅੱਜ ਅਸੀਂ ਦੱਖਣੀ ਅਮਰੀਕਾ ਦੀਆਂ ਫਸਲਾਂ ਬਾਰੇ ਪੜ੍ਹਾਂਗੇ।

**ਪੇਸ਼ ਕਰਨਾ :**

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| ਦੱਖਣੀ ਅਮਰੀਕਾ ਦੀ ਖੇਤੀਬਾੜੀ | ਦੱਖਣੀ ਅਮਰੀਕਾ ਦੀ ਖੇਤੀਬਾੜੀ ਮਹੱਤਵਪੂਰਨ ਹੈ। ਇਥੋਂ ਦੀ ਮਿੱਟੀ ਉਪਜਾਊ ਹੈ ਜੋ ਦਰਿਆਵਾਂ ਰਾਹੀਂ ਲਿਆਂਦੀ ਹੋਈ ਹੈ ਤੇ ਇਸ ਦਾ ਬਹੁਤ ਭਾਗ ਊਸ਼ਣ ਖੰਡ ਵਿਚ ਹੈ ਜਿਥੇ ਵਰਖਾ ਜ਼ਿਆਦਾ ਹੁੰਦੀ ਹੈ। ਮੱਕੀ ਦੀ ਫਸਲ ਊਸ਼ਣ ਖੰਡੀ ਵਿਚ ਹੁੰਦੀ ਹੈ ਕਿਉਂਕਿ ਇਥੋਂ ਦਾ | ਮੱਕੀ ਦੀ ਫਸਲ ਲਈ ਕਿਹੋ ਜਿਹਾ ਜਲਵਾਯੂ ਚਾਹੀਦਾ ਹੈ। | ਦੱਖਣੀ ਅਮਰੀਕਾ ਦੀ ਮਿੱਟੀ ਉਪਜਾਊ ਹੈ। ਊਸ਼ਣ ਖੰਡੀ ਵਿਚ ਵਰਖਾ ਜ਼ਿਆਦਾ ਹੁੰਦੀ ਹੈ। ਮੱਕੀ ਦੀ ਫਸਲ ਊਸ਼ਣ ਖੰਡੀ ਵਿਚ ਹੁੰਦੀ ਹੈ। | ਦੱਖਣੀ ਅਮਰੀਕਾ ਦੀ ਮਿੱਟੀ ਕਿਹੋ ਜਿਹੀ ਹੈ ? |
| ਮੱਕੀ | ਜਲਵਾਯੂ ਮੱਕੀ ਦੀ ਫਸਲ ਲਈ ਲਾਭਦਾਇਕ ਹੈ। ਮੱਕੀ ਦੀ ਖੇਤੀ ਗੋਆਨਾ ਕੋਲੰਬੀਆ ਪੇਰੂ, ਇਕਵੇਂਡੋਰ, ਮੱਧ ਚਿੱਲੀ, ਅਰਜਨਟਾਇਨਾ ਵਿਚ ਬੀਜੀ ਜਾਂਦੀ ਹੈ। | ਵਿਦਿਆਰਥੀ–ਅਧਿਆਪਕ ਦੱਖਣੀ ਅਮਰੀਕਾ ਦਾ ਰਾਜਨੀਤਿਕ ਨਕਸ਼ਾ ਦਿਖਾਏਗਾ | ਗੋਆਨਾ, ਕੋਲੰਬੀਆ, ਬੋਲਨੀਆਂ, ਪੈਰੂ, ਇਕਵੇਡੋਰ ਮੱਧ ਚਿੱਲੀ, ਅਰਜਨਟਾਇਨਾ | ਵਿਦਿਆਰਥੀ ਨਕਸ਼ੇ ਤੇ ਕੋਲੰਬੀਆ, ਬੋਲਨੀਆ, ਪੈਰੂ, ਇਕਵੇਡੋਰ ਮੱਧ ਚਿੱਲੀ, ਅਰਜਨਟਾਈਨਾਂ ਦਿਖਾਉਣ। |
| ਝੋਨਾ | ਊਸ਼ਣ ਖੰਡ ਵਿਚ ਝੋਨਾ ਦੀ ਖੇਤੀ ਕੀਤੀ ਜਾਂਦੀ ਹੈ ਕਿਉਂਕਿ ਇਥੇ ਜ਼ਿਆਦਾ ਵਰਖਾ ਹੁੰਦੀ ਹੈ। ਚੋਲਾਂ ਦੀ ਖੇਤੀ ਦੇ ਮੁੱਖ ਦੋਸ਼ ਹਨ, ਬਰਾਜ਼ੀਲ, ਇਕਵੇਨਰ, ਕੋਲੰਬੀਆ, ਪੈਰੂ, ਚਿੱਲੀ। ਚੌਲ ਨਿਰਯਾਤ ਵੀ ਕੀਤੇ ਜਾਂਦੇ ਹਨ। ਕਣਕ ਸੀਤ ਊਸ਼ਣ ਦੇਸ਼ਾਂ ਵਿਚ ਪਾਈ ਜਾਂਦੀ ਹੈ। ਅਰਜਨਟਾਇਨਾਂ ਪੰਪਾਜ਼ ਦੇ ਮੈਦਾਨ ਅਤੇ ਰੂਮ ਸਾਗਰੀ ਖੰਡ ਵਿਚ ਉਗਾਈ ਜਾਂਦੀ ਹੈ। | ਵਿਦਿਆਰਥੀ–ਅਧਿਆਪਕ ਦੱਖਣੀ ਅਮਰੀਕਾ ਤੇ ਨਕਸ਼ੇ ਬਰਾਜ਼ੀਲ ਤੇ ਬਾਕੀ ਦਿਖਾਏਗਾ। ਝੋਨਾ ਦਿਖਾਇਆ ਜਾਵੇਗਾ। ਨਕਸ਼ੇ ਵਿਚ ਅਰਜਨਟਾਇਨਾ ਪੰਪਾਜ਼ ਦੇ ਮੈਦਾਨ ਰੂਮ ਸਾਗਰ ਖੰਡ | ਬਰਾਜ਼ੀਲ, ਇਕਵੇਡੋਰ, ਕੋਲੰਬੀਆ, ਪੈਰੂ, ਚਿੱਲੀ। ਅਰਜਨਟਾਇਨਾਂ ਪੰਪਾਜ਼ ਦੇ ਮੈਦਾਨ, ਰੂਮ ਸਾਗਰੀ ਖੰਡ | ਝੋਨਾ ਪੈਦਾ ਕਰਨ ਵਾਲੇ ਮੁੱਖ ਦੇਸ਼ ਕਿਹੜੇ-ਕਿਹੜੇ ਹਨ ? ਕਣਕ ਕਿਹੜੇ-ਕਿਹੜੇ ਦੇਸ਼ ਵਿਚ ਉਗਾਈ ਜਾਂਦੀ ਹੈ ? |

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| | | ਦਿਖਾਏ ਜਾਣਗੇ। (ਕਣਕ) ਦਿਖਾਈ ਜਾਵੇਗੀ। | | |
| ਕਪਾਹ | ਕਪਾਹ ਅਰਜਨਟਾਇਨਾਂ, ਬਰਾਜ਼ੀਲ ਵਿਚ ਪਾਈ ਜਾਂਦੀ ਹੈ ਤੇ ਇਸ ਤੋਂ ਇਲਾਵਾ ਪੈਰੂ ਚਿਲੀ ਵਿਚ ਵੀ ਕਪਾਹ ਦੀ ਖੇਤੀ ਪਾਈ ਜਾਂਦੀ ਹੈ। | ਵਿਦਿਆਰਥੀ-ਅਧਿਆਪਕ ਨਕਸ਼ੇ ਅਤੇ (ਕਪਾਹ) ਦੀ ਵਰਤੋਂ ਕਰੇਗਾ। | ਅਰਜਨਟਾਇਨਾਂ, ਬਰਾਜ਼ੀਲ ਪੈਰੂ, ਚਿੱਲੀ। | ਕਪਾਹ ਕਿਹੜੇ-ਕਿਹੜੇ ਦੇਸ਼ਾਂ ਵਿਚ ਪੈਦਾ ਹੁੰਦੀ ਹੈ ? |

## ਪੁਨਰ-ਦੁਹਰਾਈ ਪ੍ਰਸ਼ਨ

1. ਦੱਖਣੀ ਅਮਰੀਕਾ ਵਿਚ ਕਿਹੜੀਆਂ ਫਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ ?
2. ਦੱਖਣੀ ਅਮਰੀਕਾ ਵਿਚ ਬਹੁਤੀਆਂ ਫਸਲਾਂ ਉੱਤਰੀ ਭਾਗਾਂ ਵਿਚ ਪੈਦਾ ਕੀਤੀਆਂ ਜਾਂਦੀਆਂ ਹਨ, ਕਿਉਂ?
3. ਮੱਕੀ ਕਿਹੜੇ ਦੇਸ਼ਾਂ ਵਿਚ ਪੈਦਾ ਕੀਤੀ ਜਾਂਦੀ ਹੈ ? ਨਕਸ਼ੇ ਤੇ ਦੱਸੋ ?
4. ਦੱਖਣੀ ਅਮਰੀਕਾ ਊਸ਼ਣ ਖੰਡ ਵਿਚ ਝੋਨਾ ਜ਼ਿਆਦਾ ਪੈਦਾ ਕੀਤਾ ਜਾਂਦਾ ਹੈ, ਇਸ ਦਾ ਕੀ ਕਾਰਨ ਹੈ?

## ਘਰ ਦਾ ਕੰਮ

ਦੱਖਣੀ ਅਮਰੀਕਾ ਦੇ ਰੇਖਾ ਨਕਸ਼ੇ ਵਿਚ ਮੱਕੀ, ਕਣਕ, ਚੌਲ ਅਤੇ ਕਪਾਹ ਪੈਦਾ ਕਰਨ ਵਾਲੇ ਦੇਸ਼ ਭਰ ਕੇ ਲਿਆਓ।

## ਪਾਠ ਯੋਜਨਾ ਨੰ : 3

ਵਿਦਿਆਰਥੀ ਅਧਿਆਪਕ ਦਾ ਰੋਲ ਨੰ: ...............................

ਵਿਸ਼ਾ : ਸਮਾਜਿਕ ਅਧਿਐਨ

ਉਪ-ਵਿਸ਼ਾ : ਰਾਸ਼ਟਰੀ ਏਕਤਾ ਦੀਆਂ ਰੁਕਾਵਟਾਂ

ਕਲਾਸ : ਛੇਵੀਂ

ਸਮਾਂ : 40 ਮਿੰਟ ਮਿਤੀ......................

## ਸਾਧਾਰਨ ਉਦੇਸ਼

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਨੂੰ ਰਾਜਨੀਤਿਕ ਢਾਂਚੇ ਦਾ ਗਿਆਨ ਪ੍ਰਦਾਨ ਕਰਨਾ।
3. ਵਿਦਿਆਰਥੀਆਂ ਨੂੰ ਲੋਕਤੰਤਰ ਤੇ ਡਿਕਟੇਟਰਸ਼ਿਪ ਤੋਂ ਜਾਣੂ ਕਰਵਾਉਣਾ।
4. ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਾਉਣਾ।
5. ਵਿਦਿਆਰਥੀਆਂ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਪੈਦਾ ਕਰਨਾ।
6. ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾਉਣਾ।

## ਵਿਸ਼ੇਸ਼ ਉਦੇਸ਼

ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ ਜਾਣੂ ਕਰਵਾਉਣ ਅਤੇ ਰਾਸ਼ਟਰੀ ਏਕਤਾ ਪ੍ਰਤੀ ਸੁਚੇਤ ਕਰਨਾ।

**ਪੜ੍ਹਾਉਣ ਦੀ ਵਿਧੀ :** ਲੈਕਚਰ ਵਿਧੀ ਅਤੇ ਸਮੱਸਿਆ ਵਿਧੀ।

**ਸਹਾਇਕ ਸਮੱਗਰੀ :** ਭਾਰਤ ਦਾ ਰਾਜਨੀਤਿਕ ਨਕਸ਼ਾ ਰਾਸ਼ਟਰੀ ਏਕਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਸੰਬੰਧੀ ਵੱਖ-ਵੱਖ ਚਾਰਟ, ਬਲੈਕ ਬੋਰਡ, ਚਾਕ ਤੇ ਝਾੜਨ।

## ਪੂਰਵ ਗਿਆਨ ਦੀ ਪਰਖ

1. ਭਾਰਤ ਵਿਚ ਕਿੰਨੇ ਰਾਜ ਹਨ ?
2. ਕੀ ਸਾਰੇ ਰਾਜਾਂ ਦੀ ਭਾਸ਼ਾ ਇਕੋ ਹੈ ?
3. ਕੀ ਸਾਰੇ ਰਾਜਾਂ ਦਾ ਪਹਿਰਾਵਾਂ ਇਕੋ ਹੀ ਹੈ ?
4. ਉੱਤਰੀ ਭਾਰਤ ਵਿਚ ਕਿਹੜੇ ਕਿਹੜੇ ਧਰਮ ਪ੍ਰਚੱਲਤ ਹਨ ?
5. ਰਾਸ਼ਟਰੀ ਏਕਤਾ ਤੋਂ ਤੁਹਾਡਾ ਕੀ ਭਾਵ ਹੈ ?

## ਭੂਮਿਕਾ

ਬੱਚਿਓ ਰਾਸ਼ਟਰੀ ਏਕਤਾ ਹੈ ਸਾਰੇ ਰਾਜਾਂ ਦਾ ਆਪਸ ਵਿਚ ਮਿਲਜੁਲ ਕੇ ਰਹਿਣਾ। ਸਾਰੇ ਦੇਸ਼ ਵਾਸੀਆਂ ਨੂੰ ਆਪਣੇ ਦੇਸ਼ ਦੇ ਵਿਕਾਸ ਲਈ ਸੋਚਣਾ ਚਾਹੀਦਾ ਹੈ। ਰਾਸ਼ਟਰੀ ਏਕਤਾ ਤੋਂ ਬਿਨਾਂ ਦੇਸ਼ ਉੱਨਤੀ ਨਹੀਂ ਕਰ ਸਕਦਾ ਅਤੇ ਬਾਹਰਲੇ ਦੇਸ਼ਾਂ ਤੋਂ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਹੈ।

## ਉਪ-ਵਿਸ਼ੇ ਦਾ ਐਲਾਨ

ਸੋ ਪਿਆਰੇ ਬੱਚਿਓ, ਅੱਜ ਅਸੀਂ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਬਾਰੇ ਪੜ੍ਹਾਂਗੇ।

## ਪੇਸ਼ ਕਰਨਾ

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| | ਭਾਰਤ ਵਿਚ ਅਜੇ ਰਾਸ਼ਟਰੀ ਏਕਤਾ ਦੀ ਭਾਵਨਾ ਉਨੀ ਵਿਕਸਿਤ ਨਹੀਂ ਹੋਣੀ ਜਿੰਨੀ ਹੋਣੀ ਚਾਹੀਦੀ ਸੀ। ਭਾਰਤ ਵਿਚ ਵੱਖ-ਵੱਖ ਧਰਮ, ਵੱਖ-ਵੱਖ ਭਾਸ਼ਾਵਾਂ ਵੱਖ-ਵੱਖ ਪਹਿਰਾਵੇ ਵਾਲੇ ਲੋਕ ਰਹਿੰਦੇ ਹਨ। ਸਮੇਂ ਸਮੇਂ ਸਿਰ ਕੋਈ ਨਾ ਕੋਈ ਰਾਸ਼ਟਰੀ ਏਕਤਾ ਵਿਚ ਰੁਕਾਵਟ ਬਣ ਰਹੀ ਹੈ। | | ਰਾਸ਼ਟਰੀ ਏਕਤਾ ਦੇ ਰਸਤੇ ਦੀਆਂ ਰੁਕਾਵਟਾਂ | |

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| ਪ੍ਰਾਂਤਵਾਦ | ਸਾਡੇ ਦੇਸ਼ ਵਿਚ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਵੱਡੀ ਰੁਕਾਵਟ ਪ੍ਰਾਂਤਵਾਦ ਹੈ। ਅਸੀਂ ਆਪਣੇ ਆਪ ਨੂੰ ਭਾਰਤ ਵਾਸੀ ਹੋਣ ਦੀ ਥਾਂ ਪੰਜਾਬੀ ਜਾਂ ਗੁਜਰਾਤੀ ਨੂੰ ਦੱਸਣ ਵਿਚ ਜ਼ਿਆਦਾ ਮਾਣ ਮਹਿਸੂਸ ਕਰਦੇ ਹਾਂ। | ਵਿਦਿਆਰਥੀ-ਅਧਿਆਪਕ ਭਾਰਤ ਦਾ ਰਾਜਨੀਤਿਕ ਨਕਸ਼ਾ ਵਿਖਾਏਗਾ ਤੇ ਵਰਣਨ ਕਰੇਗਾ। | 1. ਪ੍ਰਾਂਤਵਾਦ | ਪ੍ਰਾਂਤੀਵਾਦ ਤੋਂ ਤੁਹਾਡਾ ਕੀ ਮਤਲਬ ਹੈ ? |
| ਰਾਜਨੀਤਿਕ ਪਾਰਟੀਆਂ | ਰਾਜਨੀਤਿਕ ਪਾਰਟੀਆਂ ਵੀ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਵੱਡੀਆਂ ਰੁਕਾਵਟਾਂ ਹਨ। ਇਹ ਰਾਜਨੀਤਿਕ ਪਾਰਟੀਆਂ ਆਪਣੇ ਵੋਟਾਂ ਲੈਣ ਦੇ ਸੁਆਰਥ ਲਈ ਲੋਕਾਂ ਵਿਚ ਫੁੱਟ ਪਾਉਂਦੀਆਂ ਹਨ। | ਰਾਜਨੀਤਿਕ ਪਾਰਟੀਆਂ ਦਾ ਚਾਰਟ ਵਿਦਿਆਰਥੀ ਅਧਿਆਪਕ ਦਿਖਾਏਗਾ। | 2. ਰਾਜਨੀਤਿਕ ਪਾਰਟੀਆਂ | ਰਾਜਨੀਤਿਕ ਪਾਰਟੀਆਂ ਲੋਕਾਂ ਵਿਚ ਫੁੱਟ ਕਿਉਂ ਪਾਉਂਦੀਆਂ ਹਨ ? |
| ਜਾਤੀ ਪ੍ਰਥਾ | ਜਾਤੀ ਪ੍ਰਥਾ ਵੀ ਦੇਸ਼ ਵਿਚ ਕਾਫੀ ਪ੍ਰਚਲਤ ਹੈ ਤੇ ਇਹ ਰਾਸ਼ਟਰੀ ਏਕਤਾ ਦੇ ਰਸਤੇ ਦੀ ਵੱਡੀ ਰੁਕਾਵਟ ਹੈ। ਆਪਣੀ ਜਾਤੀ ਦੇ ਲੋਕਾਂ ਦੀ ਭਲਾਈ ਲਈ ਦੂਸਰੀ ਜਾਤ ਦੇ | ਵਿਦਿਆਰਥੀ-ਅਧਿਆਪਕ ਬੱਚਿਆਂ ਨੂੰ ਪੁੱਛੇਗਾ ਕਿ ਜਾਤੀ ਪ੍ਰਥਾ ਤੋਂ ਕੀ ਸਮਝਦੇ ਹੋ? | 3. ਜਾਤੀ ਪ੍ਰਥਾ | ਰਾਸ਼ਟਰੀ ਏਕਤਾ ਵਿਚ ਜਾਤੀ ਪ੍ਰਥਾ ਵੱਡੀ ਰੁਕਾਵਟ ਹੈ ਕਿਵੇਂ ? |
| ਧਰਮ | ਲੋਕਾਂ ਦੀ ਸਾਰੇ ਦੇਸ਼ ਵਿਚ ਧਾਰਮਿਕ ਕੱਟੜਤਾ ਵੱਡੀ ਰੁਕਾਵਟ ਹੈ ਰਾਸ਼ਟਰੀ ਏਕਤਾ ਵਿਚ ਧਰਮ ਦੇ ਨਾਂ ਤੇ ਵੰਡ ਤੇ ਦੰਗੇ ਫਸਾਦ ਚਲਦੇ ਰਹਿੰਦੇ ਹਨ। | ਵੱਖ-ਵੱਖ ਧਰਮਾਂ ਦਾ ਚਾਰਟ ਦਿਖਾਇਆ ਜਾਵੇਗਾ। | 4. ਧਾਰਮਿਕ ਕੱਟੜਤਾ | ਰਾਸ਼ਟਰੀ ਏਕਤਾ ਵਿਚ ਧਾਰਮਿਕ ਕੱਟੜਤਾ ਰੁਕਾਵਟ ਹੈ ਕਿਵੇਂ ? |
| ਭਾਸ਼ਾ | ਭਾਸ਼ਾ ਸਮੱਸਿਆ ਵੀ ਰਾਸ਼ਟਰੀ ਏਕਤਾ ਦੀ ਰੁਕਾਵਟ ਹੈ ਸਾਡੇ ਦੇਸ਼ 'ਚ ਅਨੇਕਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਭਾਸ਼ਾ ਦੇ ਆਧਾਰ ਤੇ ਰਾਸ਼ਟਰ ਦੀ ਵੰਡ ਕੀਤੀ ਜਾ | ਭਾਰਤ ਵਿੱਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ? | 5. ਭਾਸ਼ਾ | ਕੀ ਭਾਸ਼ਾ ਰਾਸ਼ਟਰੀ ਏਕਤਾ ਵਿਚ ਰੁਕਾਵਟ ਹੈ ? |

| | | | | |
|---|---|---|---|---|
| | ਰਹੀ ਹੈ। ਰਾਸ਼ਟਰੀ ਏਕਤਾ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦੂਰ ਕਰਨੀਆਂ ਚਾਹੀਦੀਆਂ ਹਨ। ਹਰ ਇਕ ਭਾਰਤੀ ਨਾਗਰਿਕ ਦਾ ਫਰਜ ਹੈ ਕਿ ਰਾਸ਼ਟਰੀ ਗੀਤ ਦਾ ਸਤਿਕਾਰ ਕਰੇ ਅਤੇ ਭਾਰਤੀ ਸੰਵਿਧਾਨ ਦਾ ਪਾਲਨ ਕਰੇ। | | | |

## 2.5.8 ਅਭਿਆਸ ਲਈ ਪ੍ਰਸ਼ਨ

1. ਪਾਠ ਯੋਜਨਾ ਤੋਂ ਤੁਹਾਡਾ ਕੀ ਭਾਵ ਹੈ? ਪਾਠ ਯੋਜਨਾ ਦੀ ਮਹੱਤਤਾ ਦੱਸੋ?
2. ਪਾਠ ਯੋਜਨਾ ਤਿਆਰ ਕਰਦੇ ਸਮੇ ਕਿਨ੍ਹਾਂ-ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?
3. ਬੱਚੇ ਦੀ ਸਿੱਖਿਆ ਵਿਚ ਮੁਲਾਂਕਣ ਦਾ ਕੀ ਸਥਾਨ ਹੈ ?
4. ਆਧੁਨਿਕ ਪ੍ਰੀਖਿਆ ਵਿਚ ਕੀ ਦੋਸ਼ ਹਨ ?
5. ਮੁਲਾਂਕਣ ਦਾ ਕੀ ਅਰਥ ਹੈ ? ਪ੍ਰਚਲਿਤ ਪ੍ਰੀਖਿਆ ਤੇ ਆਧੁਨਿਕ ਮੁਲਾਂਕਣ ਵਿਧੀ ਵਿਚ ਕੀ ਅੰਤਰ ਹੈ ?
6. ਮਾਤ-ਭਾਸ਼ਾ ਪੰਜਾਬੀ ਦੀ ਸਿੱਖਿਆ ਦੇ ਮੁਲਾਂਕਣ ਲਈ ਕਿਹੜੀ-ਕਿਹੜੀ ਵਿਧੀ ਸਾਰਥਿਕ ਹੈ ਤੇ ਉਸ ਦੀ ਵਰਤੋਂ ਕਿਵੇਂ ਕਰਨੀ ਹੈ।

## 2.5.9 ਸਹਾਇਕ ਪੁਸਤਕਾਂ


1. ਸਫਾਇਆ, ਰਘੁਨਾਥ : ਮਾਤ-ਭਾਸ਼ਾ ਦੀ ਸਿੱਖਿਆ
2. ਜੱਸ, ਜਸਵੰਤ, ਸਿੰਘ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ
3. ਅਹੂਜਾ, ਰੋਸ਼ਨ ਲਾਲ : ਮਾਤ-ਭਾਸ਼ਾ ਦੀ ਸਿੱਖਿਆ
4. ਸ਼ਰਮਾ, ਟੀ.ਆਰ. : ਮਾਤ-ਭਾਸ਼ਾ ਦੀ ਸਿੱਖਿਆ
5. ਭਾਟੀਆ, ਸੰਤ ਸਿੰਘ : ਮਾਤ-ਭਾਸ਼ਾ ਦੀ ਸਿੱਖਿਆ
6. Secondary Education Commission Education Report Ch.-X.
7. Ross : Measurement in To-day's Schools.
8. Kothari Education Commission Report 1966.

**ਪਾਠ ਨੰ. 2.6** **ਲੇਖਿਕਾ : ਡਾ. ਪੁਸ਼ਪਿੰਦਰ ਕੌਰ**

# ਮੁਲਾਂਕਣ : ਅਰਥ, ਮਹੱਤਤਾ ਅਤੇ ਕਿਸਮਾਂ

**ਢਾਂਚਾ**

2.6.1 ਉਦੇਸ਼

2.6.2 ਜਾਣ-ਪਛਾਣ

2.6.3 ਮੁਲਾਂਕਣ ਦਾ ਅਰਥ

2.6.4 ਮੁਲਾਂਕਣ ਦੀ ਮਹੱਤਤਾ

2.6.5 ਮੁਲਾਂਕਣ ਦੇ ਉਦੇਸ਼

2.6.6 ਵਰਤਮਾਨ ਪ੍ਰੀਖਿਆ ਪ੍ਰਣਾਲੀ ਤੇ ਉਸ ਦੇ ਦੋਸ਼

2.6.7 ਮੁਲਾਂਕਣ ਦੀਆਂ ਕਿਸਮਾਂ

2.6.8 ਨਿਰੰਤਰ ਤੇ ਵਿਆਪਕ ਮੁਲਾਂਕਣ

2.6.9 ਸਵੈ ਮੁਲਾਂਕਣ

2.6.10 ਪੁਸਤਕ ਸੂਚੀ

## 2.6.1 ਉਦੇਸ਼ :

ਇਹ ਪਾਠ ਪੜਨ ਤੋਂ ਬਾਅਦ ਵਿਦਿਆਰਥੀ ਜਾਣਨ ਯੋਗ ਹੋ ਜਾਣਗੇ ਕਿ :

(i) ਮੁਲਾਂਕਣ ਦਾ ਅਰਥ

(ii) ਮੁਲਾਂਕਣ ਦੀ ਮਹੱਤਤਾ

(iii) ਮੁਲਾਂਕਣ ਦੀਆਂ ਕਿਸਮਾਂ

(iv) ਨਿਰੰਤਰ ਅਤੇ ਵਿਆਪਕ ਮੁਲਾਂਕਣ ਬਾਰੇ।

## 2.6.2 ਜਾਣ-ਪਛਾਣ :

ਸਿੱਖਿਆ ਅਤੇ ਮੁਲਾਂਕਣ, ਦੋਵਾਂ ਦਾ ਆਪਸ ਵਿਚ ਨਹੁੰ-ਮਾਸ ਦਾ ਸੰਬੰਧ ਹੈ। ਸੰਸਾਰ ਦੇ ਹਰ ਇੱਕ ਪ੍ਰਾਣੀ ਨੂੰ ਜੀਵਨ ਵਿਚ ਮੁਲਾਂਕਣ ਦੀ ਆਵਸ਼ਕਤਾ ਪੈਂਦੀ ਹੈ, ਪਰ ਸਿੱਖਿਆ ਦੇ ਖੇਤਰ ਵਿਚ ਇਸ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਜੇਕਰ ਅਸੀਂ ਭਾਰਤੀ ਸਿੱਖਿਆ ਪ੍ਰਣਾਲੀ ਉਪਰ ਝਾਤ ਮਾਰੀਏ ਤਾਂ ਗਿਆਤ ਹੁੰਦਾ ਹੈ ਕਿ ਮੁਲਾਂਕਣ ਆਦਿ ਕਾਲ

ਤੋਂ ਸਿੱਖਿਆ ਦੇ ਖੇਤਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਸੀ। ਬੱਚੇ ਨੂੰ ਸਕੂਲ ਵਿੱਚ ਦਾਖਲ ਕਰਨ ਸਮੇਂ ਉਸਦੀ ਯੋਗਤਾ ਦੀ ਪਰਖ ਕਰਨ ਲਈ ਕਮੇਟੀ ਸਥਾਪਤ ਕੀਤੀ ਜਾਂਦੀ ਹੈ ਜੋ ਉਸਦੀਆਂ ਪ੍ਰਾਪਤੀਆਂ ਅਤੇ ਅਨੁਭਵ ਦਾ ਮੁਲਾਂਕਣ ਕਰਕੇ ਹੀ ਉਸਦੀ ਨਿਯੁਕਤੀ ਕਰਦੀ ਹੈ।

## 2.6.3 ਮੁਲਾਂਕਣ ਦਾ ਅਰਥ :

ਮੁਲਾਂਕਣ ਦਾ ਅਰਥ ਕਿਸੇ ਕੰਮ ਜਾਂ ਵਸਤੂ ਦੀ ਜਾਂਚ ਕਰਨਾ, ਉਸ ਨੂੰ ਮਾਪਣਾ ਹੈ। ਸਿੱਖਿਆ ਦੇ ਖੇਤਰ ਵਿਚ ਵਿਦਿਆਰਥੀ ਦੀ ਪ੍ਰਾਪਤੀ ਤੇ ਪ੍ਰਗਤੀ ਦੀ ਪਰਖ ਕਰਨ ਦੀ ਵਿਧੀ ਨੂੰ ਮੁਲਾਂਕਣ ਆਖਦੇ ਹਨ। ਮਾਤ ਭਾਸ਼ਾ ਪੰਜਾਬੀ ਦੀ ਸਿੱਖਿਆ ਦੇ ਖੇਤਰ ਵਿਚ ਇਹ ਜਾਣਨਾ ਲਾਜ਼ਮੀ ਹੋ ਜਾਂਦਾ ਹੈ ਕਿ ਪੜ੍ਹਾਏ ਗਏ ਵਿਸ਼ੇ ਨੂੰ ਬੱਚੇ ਨੇ ਕਿੰਨਾ ਕੁ ਸਮਝਿਆ ਹੈ। ਇਹ ਕੇਵਲ ਉਸ ਵਿਸ਼ੇਸ਼ ਵਿਸ਼ੇ ਦੀ ਸਹੀ ਪੱਧਰ ਦੇ ਗਿਆਨ ਦੀ ਜਾਂਚ ਹੀ ਨਹੀਂ ਸਗੋਂ ਬੱਚੇ ਦੇ ਸਰਬ ਪੱਖੀ ਵਿਕਾਸ ਦਾ ਮਾਪ ਹੁੰਦਾ ਹੈ। ਇਸ ਵਿੱਚ ਵਿਦਿਅਕ ਪ੍ਰਾਪਤੀ ਦੀ ਪਰਖ, ਵਿਵਹਾਰ ਪਰਖ, ਕਾਰਜ਼ਸ਼ੀਲਤਾ ਦੀ ਪਰਖ, ਰੁਚੀ ਦੀ ਪਰਖ ਆਦਿ ਹਰੇਕ ਪ੍ਰਕਾਰ ਦਾ ਮਾਪ ਸ਼ਾਮਲ ਹੈ। ਇਸ ਵਿੱਚ ਸਿਖ਼ਸਣ ਤੇ ਮੰਤਵ ਸਿਖਸਣ ਦੀਆਂ ਵਿਧੀਆਂ ਤੇ ਸ਼ਿਖ਼ਸ਼ਣ ਉਦੇਸ਼ਾਂ ਦੀਆਂ ਪ੍ਰਾਪਤੀਆਂ ਵੀ ਸ਼ਾਮਲ ਹੁੰਦੀਆਂ ਹਨ। ਮੁਲਾਂਕਣ, ਸਿੱਖਿਆ ਦੇ ਉਦੇਸ਼ਾਂ ਦੀ ਪਰਖ ਅਤੇ ਉਨ੍ਹਾਂ ਤੱਕ ਪੁੱਜਣ ਦੇ ਸਾਧਨਾਂ ਅਤੇ ਯਤਨਾਂ ਦੀ ਵੀ ਜਾਂਚ ਕਰਦਾ ਹੈ। ਸੰਖੇਪ ਵਿਚ ਇੰਝ ਵੀ ਕਹਿ ਸਕਦੇ ਹਾਂ ਕਿ ਸਿੱਖਿਆ ਕਾਰਜ ਕਰਮ ਨੇ ਸਿੱਖਿਆ ਦੇ ਉਦੇਸ਼ਾਂ ਦੀ ਕਿੰਨੀ ਕੁ ਪੂਰਤੀ ਕੀਤੀ ਹੈ, ਬਾਰੇ ਜਾਣਨਾ ਹੀ ਮੁਲਾਂਕਣ ਹੈ।

## ਪਰੰਪਰਾਗਤ ਪ੍ਰੀਖਿਆ ਤੇ ਮੁਲਾਂਕਣ ਵਿਚ ਅੰਤਰ

ਪਰੰਪਰਾਗਤ ਪ੍ਰੀਖਿਆ ਵਿਦਿਆਰਥੀ ਦੀ ਕੇਵਲ ਵਿਸ਼ੇ ਵਿੱਚ ਗਿਆਨ ਪ੍ਰਾਪਤੀ ਦੀ ਪਰਖ ਕਰਦੀ ਹੈ। ਜਦੋਂ ਕਿ ਮੁਲਾਂਕਣ ਬੱਚੇ ਦੇ ਵਿਅਕਤਿਤੱਵ ਦੇ ਸਮੁੱਚੇ ਵਿਕਾਸ ਦੀ ਜਾਂਚ ਕਰਦਾ ਹੈ। ਇਹ ਬੱਚੇ ਦੇ ਵਿਅਕਤੀਤੱਵ ਵਿੱਚ ਛੁਪੇ ਸਮੁੱਚੇ ਗੁਣਾਂ ਨੂੰ ਪ੍ਰਗਟ ਕਰਦਾ ਹੈ। ਆਰ. ਕੇ. ਕਪੂਰ ਡਾਇਰੈਕਟਰ, ਸੈਕੰਡਰੀ ਸਿੱਖਿਆ, ਇਸ ਅੰਤਰ ਨੂੰ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ, 'ਮੁਲਾਂਕਣ' ਦਾ ਪ੍ਰੀਖਿਆ ਨਾਲੋਂ ਬਹੁਤ ਅੰਤਰ ਹੈ। ਪ੍ਰੀਖਿਆ ਦਾ ਭਾਵ ਵਿਦਿਅਕ ਪ੍ਰਾਪਤੀਆਂ ਦੀ ਗੁਣਾਤਮਕ ਜਾਂਚ ਕਰਨਾ ਹੈ। ਮੁਲਾਂਕਣ ਦਾ ਭਾਵ ਵਿਦਿਆਰਥੀਆਂ ਦੀ ਉੱਨਤੀ ਦਾ ਲਗਾਤਾਰ ਅਨੁਮਾਨ ਲਾਉਣਾ ਹੈ। ਇਸ ਤਰ੍ਹਾਂ ਮੁਲਾਂਕਣ ਸਿੱਖਿਆ ਦੇ ਸਮੁੱਚੇ ਅਮਲ ਨਾਲ ਸੰਬੰਧਿਤ ਹੈ। ਇਸ ਦਾ ਮੰਤਵ ਸਿੱਖਿਆ ਦੀ ਉਨਤੀ ਕਰਨਾ ਹੈ, ਨਾ ਕੇਵਲ ਪ੍ਰਾਪਤੀ ਮਾਪਣਾ ਹੈ। ਆਪਣੇ ਠੀਕ ਅੱਖਰਾਂ ਵਿਚ ਮੁਲਾਂਕਣ ਵਿਦਿਆਰਥੀ ਵਿਚ ਲੁਕੇ ਗੁਣਾਂ ਨੂੰ ਪ੍ਰਕਾਸ਼ਮਾਨ ਕਰਨਾ ਹੈ। ਇਹ ਉਸ ਦੀਆਂ ਆਦਤਾਂ, ਵਿਵਹਾਰ, ਹੁਨਰ ਨੂੰ ਸਾਡੇ ਸਾਹਮਣੇ ਪ੍ਰਗਟ ਕਰਦਾ ਹੈ। ਇਉਂ ਉਸ ਦੇ ਸਮੁੱਚੇ ਵਿਅਕਤਿੱਤਵ ਨੂੰ ਮਾਪਣ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਮੁਲਾਂਕਣ ਪਰੰਪਰਾਗਤ ਪ੍ਰੀਖਿਆ ਨਾਲੋਂ ਵਧੇਰੇ ਵਿਆਪਕ ਹੈ। ਇਹ ਇੱਕ ਨਵੀਂ ਤਕਨੀਕ ਵਿਧੀ ਹੈ। ਜਿਹੜੀ ਪਰੰਪਰਾਗਤ ਪ੍ਰੀਖਿਆ ਨਾਲੋਂ ਵਧੇਰੇ ਚੰਗਾ ਪਰਖਣ ਲਈ ਕੱਢੀ ਗਈ ਹੈ।

## 2.6.4 ਮੁਲਾਂਕਣ ਦਾ ਸਿੱਖਿਆ ਵਿੱਚ ਮਹੱਤਵ :

1) ਮੁਲਾਂਕਣ ਦਾ ਸਿੱਖਿਆ ਦੇ ਖੇਤਰ ਵਿਚ ਇੱਕ ਮਹੱਤਵਪੂਰਣ ਸਥਾਨ ਹੈ। ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਜੇਕਰ ਅਸੀਂ ਇੰਝ ਕਹੀਏ ਕਿ ਮੁਲਾਂਕਣ ਬਿਨਾਂ ਸਿੱਖਿਆ ਅਧੂਰੀ ਹੈ। ਇਸ ਦੇ ਮਾਧਿਅਮ ਰਾਹੀਂ ਵਿਦਿਆਰਥੀ ਦੀ ਪ੍ਰਾਪਤੀ ਦੇ ਘਾਟ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਾਂ। ਇਹ ਨਾ ਕੇਵਲ ਪ੍ਰਾਪਤੀ ਦੀ ਪਰਖ ਕਰਦਾ, ਸਗੋਂ ਸਿੱਖਿਆ ਤੇ ਉਸ ਦੇ ਵਿਕਾਸ ਵਿਚ ਵੀ ਸਹਾਈ ਹੁੰਦਾ ਹੈ। ਇਸ ਰਾਹੀਂ ਅਧਿਆਪਕ ਅਤੇ ਵਿਦਿਆਰਥੀ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਜੋ ਮਾਤ ਭਾਸ਼ਾ ਦੀ ਸਿੱਖਿਆ ਦੇ ਉਦੇਸ਼ ਨਿਰਧਾਰਤ ਕੀਤੇ ਹੋਏ ਸਨ, ਉਹ ਕਿਸ ਹੱਦ ਤਕ ਪ੍ਰਾਪਤ ਕਰ ਲਏ ਹਨ ਅਤੇ ਉਨ੍ਹਾਂ ਦੀ ਪ੍ਰਾਪਤੀ ਵਿਚ

ਅਜੇ ਤੱਕ ਕਿੰਨੀ ਕੁ ਘਾਟ ਹੈ। ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਇਹ ਅਧਿਆਪਕ ਤੇ ਵਿਦਿਆਰਥੀ ਨੂੰ ਦਰਸ਼ਨ ਕਰਨ ਵਿਚ ਸਹਾਇਕ ਹੁੰਦਾ ਹੈ।

2) ਇਸ ਪ੍ਰਕ੍ਰਿਆ ਵਿੱਚ ਸਿਖਿਆ-ਵਿਧੀ, ਪਾਠ-ਪੁਸਤਕਾਂ, ਪਾਠ-ਕਰਮ, ਪੜ੍ਹਾਈ ਦੇ ਸੰਦਾਂ ਆਦਿ ਦਾ ਵੀ ਮੁਲਾਂਕਣ ਹੋ ਜਾਂਦਾ ਹੈ। ਇਸ ਰਾਹੀਂ ਅਧਿਆਪਕ ਨੂੰ ਵੀ ਗਿਆਤ ਹੋ ਜਾਂਦਾ ਹੈ ਕਿ ਉਸ ਦੀ ਅਧਿਆਪਨ ਵਿਧੀ ਕਿਥੋਂ ਤਕ ਸਾਰਥਕ ਹੈ। ਜੇਕਰ ਉਸ ਵਿਚ ਕੋਈ ਤਰੁੱਟੀ ਮਹਿਸੂਸ ਕਰਦਾ ਹੈ ਤਾਂ ਇਸ ਨੂੰ ਦੂਰ ਕਰਨ ਦਾ ਉਪਾਅ ਵੀ ਸੋਚਦਾ ਹੈ। ਇਸ ਵਿਚ ਹਮੇਸ਼ਾ ਵਿਦਿਆਰਥੀ ਦੀ ਪ੍ਰਾਪਤੀ ਨੂੰ ਸਨਮੁੱਖ ਰੱਖਿਆ ਜਾਂਦਾ ਹੈ। ਇਸ ਰਾਹੀਂ ਵਿਦਿਆਰਥੀ ਵਿਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਭਾਵਨਾ ਵਿਦਿਆਰਥੀਆਂ ਨੂੰ ਲਿਖਤੀ-ਕੰਮ, ਕਵਿਤਾ, ਅਭਿਨੇਯ, ਨਿਬੰਧ ਆਦਿ ਸਿੱਖਣ ਵਿਚ ਸਹਾਇਕ ਹੋ ਸਕਦੀ ਹੈ।

3) ਮੁਲਾਂਕਣ ਅਧਿਆਪਕ ਅਤੇ ਵਿਦਿਆਰਥੀ ਲਈ ਪ੍ਰੇਰਣਾ ਸ੍ਰੋਤ ਹੈ। ਇਹ ਉਨ੍ਹਾਂ ਲਈ ਪ੍ਰਾਪਤੀ ਦਾ ਨਿਸ਼ਾਨਾ ਮਿੱਥਦਾ ਹੈ। ਇਸ ਪ੍ਰਾਪਤੀ ਲਈ ਅਧਿਆਪਕ ਅਤੇ ਵਿਦਿਆਰਥੀ ਕ੍ਰਿਆਸ਼ੀਲ ਰਹਿੰਦੇ ਹਨ ਅਤੇ ਪ੍ਰੀਖਿਆ ਵਿਚ ਸਫਲਤਾ ਪ੍ਰਾਪਤ ਕਰਨ ਲਈ ਦਿਨ ਰਾਤ ਇੱਕ ਸੁਰ ਹੋ ਕੇ ਮਿਹਨਤ ਕਰਦੇ ਹਨ। ਜੇਕਰ ਵਿਦਿਆਰਥੀਆਂ ਨੂੰ ਇਹ ਗਿਆਤ ਹੋ ਜਾਵੇ ਕਿ ਉਨ੍ਹਾਂ ਦੀ ਵਿਦਿਆ ਪ੍ਰਾਪਤੀ ਦਾ ਕੋਈ ਮੁਲਾਂਕਣ ਨਹੀਂ ਹੋ ਰਿਹਾ ਤਾਂ ਉਹ ਅਵੇਸਲੇ ਹੋ ਜਾਣਗੇ। ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਸਕੂਲ ਵਿਚ ਕੋਈ ਪ੍ਰੀਖਿਆ ਨਾ ਹੋਵੇ, ਤਾਂ ਵਿਦਿਆਰਥੀ ਪੜ੍ਹਾਈ ਵਿਚ ਇਤਨਾ ਉਤਸ਼ਾਹ ਨਹੀਂ ਲੈਂਦੇ।

4) ਮੁਲਾਂਕਣ ਰਾਹੀਂ ਵਿਦਿਆਰਥੀ ਦੇ ਵਿਅਕਤਿਤੱਵ ਵਿੱਚ ਛੁਪੇ ਗੁਣ ਪ੍ਰਗਟ ਹੁੰਦੇ ਹਨ। ਉਨ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਯੋਗਤਾਵਾਂ ਬਾਰੇ ਪਤਾ ਲਗਦਾ ਹੈ ਕਿ ਕਿਸ ਵਿਦਿਆਰਥੀ ਦਾ ਕਿਸ ਵਿਸ਼ੇ ਵਿੱਚ ਅਧਿਕ ਝੁਕਾਉ ਹੈ। ਇਹ ਜਾਣਕਾਰੀ ਪ੍ਰਾਪਤ ਕਰਕੇ ਹੀ ਅਧਿਆਪਕ ਉਸ ਰੁੱਚੀ ਵਾਲੇ ਵਿਸ਼ੇ ਦਾ ਵਿਸ਼ਾਲ ਅਧਿਐਨ ਕਰਨ ਲਈ ਪਰੇਰ ਸਕਦਾ ਹੈ।

## 2.6.5 ਮੁਲਾਂਕਣ ਦੇ ਉਦੇਸ਼ :

1) ਮੁਲਾਂਕਣ ਦਾ ਉਦੇਸ਼ ਅਸਲ ਵਿਚ ਸਿੱਖਿਆ ਦੇ ਨਿਰਧਾਰਤ ਉਦੇਸ਼ਾਂ ਦੀ ਪ੍ਰਾਪਤੀ ਦੀ ਜਾਂਚ ਕਰਨਾ ਹੈ। ਪਹਿਲਾਂ ਸਿੱਖਿਆ ਦਾ ਮੁੱਖ ਉਦੇਸ਼ ਵਿਸ਼ੇ ਦਾ ਗਿਆਨ ਪ੍ਰਾਪਤ ਕਰਨਾ ਸੀ, ਇਸ ਲਈ ਪਰੰਪਰਾਗਤ ਸਿੱਖਿਆ ਵਿਧੀਆਂ ਇਸੇ ਉਦੇਸ਼ ਦੀ ਪੂਰਤੀ ਲਈ ਕੇਵਲ ਪ੍ਰੀਖਿਆ ਦੀਆਂ ਲੋੜਾਂ ਉਪਰ ਅਧਾਰਿਤ ਸੀ ਪਰ ਆਧੁਨਿਕ ਮੁਲਾਂਕਣ ਦੀਆਂ ਮਾਨਤਾਵਾਂ ਸਿੱਖਿਆ ਦੇ ਉਦੇਸ਼ਾਂ ਅਨੁਸਾਰ ਹਨ। ਸੁਤੰਤਰਤਾ ਪ੍ਰਾਪਤੀ ਮਗਰੋਂ ਸਿੱਖਿਆ ਦੇ ਉਦੇਸ਼ਾਂ ਵਿਚ ਪਰਿਵਰਤਨ ਆ ਗਿਆ ਹੈ। ਹੁਣ ਸਿੱਖਿਆ ਬਾਲ-ਕੇਂਦ੍ਰਿਤ ਹੋ ਗਈ ਹੈ। ਅਰਥਾਤ ਹੁਣ ਸਿੱਖਿਆ ਦਾ ਉਦੇਸ਼ ਬਾਲਕ ਦੇ ਵਿਅਕਤੀਤੱਵ ਦਾ ਬਹੁ-ਪੱਖੀ ਵਿਕਾਸ ਹੈ। ਹੁਣ ਮੁਲਾਂਕਣ ਦਾ ਉਦੇਸ਼ ਕੇਵਲ ਵਿਸ਼ਾ ਵਸਤੂ ਦੀ ਪਰਖ ਕਰਨਾ ਹੀ ਨਹੀਂ, ਸਗੋਂ ਬੱਚੇ ਵਿਚ ਸਮਝਣ, ਬੋਲਣ, ਪੜ੍ਹਣ ਤੇ ਲਿਖਣ ਦੀਆਂ ਯੋਗਤਾਵਾਂ ਦੀਆਂ ਪਰਖ ਕਰਨਾ ਹੈ।

2) ਮੁਲਾਂਕਣ ਦਾ ਉਦੇਸ਼ ਇਹ ਜਾਣਨਾ ਹੈ ਕਿ ਬੱਚਿਆਂ ਨੇ ਕਿੰਨਾ ਕੁ ਸਿੱਖ ਲਿਆ ਹੈ ਕਿੰਨਾ ਕੁ ਸਿੱਖਣਾ ਬਾਕੀ ਹੈ। ਜੋ ਅਜੇ ਤੱਕ ਨਹੀਂ ਸਿੱਖਿਆ, ਉਸਦੇ ਕੀ ਕਾਰਨ ਹਨ ?

3) ਇਸ ਦਾ ਉਦੇਸ਼ ਅਧਿਆਪਕਾਂ ਨੂੰ ਆਪਣੇ ਕਰਤੱਵ ਪ੍ਰਤੀ ਸੁਚੇਤ ਕਰਨਾ ਹੈ। ਉਸ ਨੂੰ ਇਹ ਗਿਆਤ ਕਰਵਾਉਂਦਾ ਹੈ ਕਿ ਉਸਦੀ ਅਧਿਆਪਨ ਵਿਧੀ ਕਿਥੋਂ ਤੱਕ ਸਾਰਥਕ ਹੈ।

4) ਮੁਲਾਂਕਣ ਇਹ ਵੀ ਭਾਂਪਦਾ ਹੈ ਕਿ ਵਿਦਿਆਰਥੀ, ਦੂਜਿਆ ਦੇ ਮੌਖਿਕ ਤੇ ਲਿਖਤ ਭਾਵਾਂ ਦੇ ਵਿਚਾਰਾਂ ਨੂੰ ਕਿੰਨਾ ਕੁ ਸਮਝ ਸਕਦੇ ਹਨ ਅਨੁਭਵਾਂ ਤੇ ਵਿਚਾਰਾਂ ਨੂੰ ਮੌਖਿਕ ਤੇ ਲਿਖਤ ਭਾਸ਼ਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਕਿੱਥੋਂ ਤਕ ਬਿਆਨ ਕਰ ਸਕਦੇ ਹਨ।

5) ਮੁਲਾਂਕਣ ਦਾ ਉਦੇਸ਼ ਬੱਚਿਆਂ ਦੀ ਗ੍ਰਹਿਣ ਸ਼ਕਤੀ ਅਤੇ ਅਭਿਵਿਅਕਤ ਕਰਨ ਦੀ ਪਰਖ ਕਰਨਾ ਹੁੰਦਾ ਹੈ।

6) ਮੁਲਾਂਕਣ ਰਾਹੀਂ ਇਹ ਵੀ ਪਤਾ ਲਗਦਾ ਹੈ ਕਿ ਵਿਦਿਆਰਥੀ ਸਾਹਿਤ ਦੇ ਅਧਿਐਨ ਵਿਚ ਕਿੰਨੀ ਕੁ ਰੁਚੀ ਰਖਦੇ ਹਨ।

7) ਮੁਲਾਂਕਣ ਵਿਦਿਆਰਥੀ ਦੇ ਮਨ ਵਿੱਚ ਸਾਹਿਤਕ ਸੁਹਜ ਦੀ ਪ੍ਰਸੰਸਾ ਕਰ ਸਕਣ ਦੀ ਰੁਚੀ ਦੀ ਪਰਖ ਵੀ ਕਰਦਾ ਹੈ।

8) ਮੁਲਾਂਕਣ ਦਾ ਉਦੇਸ਼ ਵਿਦਿਆਰਥੀਆਂ ਦੀਆਂ ਨਿੱਜੀ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਉਹਨਾਂ ਦਾ ਹੱਲ ਕਰਨਾ ਵੀ ਹੈ।

9) ਮੁਲਾਂਕਣ ਪਰੰਪਰਾਗਤ ਪ੍ਰੀਖਿਆ ਪ੍ਰਣਾਲੀ ਵਿਚ ਸੁਧਾਰ ਕਰਦਾ ਹੈ।

10) ਮੁਲਾਂਕਣ ਦਾ ਉਦੇਸ਼ ਸਿੱਖਣ ਕੰਮਾਂ ਵਿਚ ਬੱਚਿਆਂ ਦਾ ਉਤਸ਼ਾਹ ਵੀ ਹੈ।

11) ਮੁਲਾਂਕਣ ਦਾ ਉਦੇਸ਼ ਬੱਚਿਆਂ ਦੇ ਵਿਅਕਤਿੱਤਵ ਤੇ ਚਰਿੱਤਰ ਦਾ ਵਿਕਾਸ ਕਰਨਾ ਹੈ।

12) ਮੁਲਾਂਕਣ ਰਾਹੀਂ ਬੱਚਿਆਂ ਦਾ ਸਰੀਰਕ ਤੇ ਸਮਾਜਿਕ ਵਿਕਾਸ ਵੀ ਕੀਤਾ ਜਾ ਸਕਦਾ ਹੈ।

13) ਮੁਲਾਂਕਣ ਦਾ ਮੁੱਖ ਉਦੇਸ਼ ਸਿੱਖਿਆ ਵਿਧੀ ਨੂੰ ਵੱਧ ਤੋਂ ਵੱਧ ਉਪਯੋਗੀ ਬਣਾਉਣਾ ਹੈ ਤਾਂ ਜੋ ਵਿਦਿਆਰਥੀਆਂ ਦੀਆਂ ਸਿੱਖਣ ਕਿਰਿਆਵਾਂ ਅਤੇ ਅਨੁਭਵਾਂ ਰਾਹੀਂ ਉਨ੍ਹਾਂ ਦੇ ਵਿਵਹਾਰ ਵਿਚ ਉਚਿਤ ਪਰਿਵਰਤਨ ਹੋਵੇ।

## 2.6.6 ਵਰਤਮਾਨ ਪ੍ਰੀਖਿਆ ਪ੍ਰਣਾਲੀ ਅਤੇ ਉਸ ਵਿੱਚ ਦੋਸ਼ :

ਇਸ ਚਰਚਾ ਤੋਂ ਸਪੱਸ਼ਟ ਹੈ ਕਿ ਪ੍ਰੀਖਿਆ ਪ੍ਰਣਾਲੀ ਦਾ ਸਿੱਖਿਆ ਨਾਲ ਅਟੁੱਟ ਰਿਸ਼ਤਾ ਹੈ ਇਨ੍ਹਾਂ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸੈਕੰਡਰੀ ਸਿੱਖਿਆ ਕਮਿਸ਼ਨ ਦੇ ਸ਼ਬਦਾਂ ਵਿੱਚ ਇਮਤਿਹਾਨ ਨਾ ਕੇਵਲ ਸਿੱਖਿਆ ਦੇ ਅੰਕ ਮਿਥਦੇ ਹਨ, ਸਗੋਂ ਸਿੱਖਿਆ ਦੀਆਂ ਵਿਧੀਆਂ ਵੀ ਮਿਥਦੇ ਹਨ। ਇਹ ਸਾਡੀ ਸਿੱਖਿਆ ਪ੍ਰਣਾਲੀ ਉੱਪਰ ਇਸ ਤਰ੍ਹਾਂ ਛਾ ਚੁੱਕੇ ਹਨ ਕਿ ਇਨ੍ਹਾਂ ਤੋਂ ਬਿਨਾਂ ਨਾ ਤਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ, ਤੇ ਨਾ ਹੀ ਅਧਿਆਪਕ ਸਿੱਖਿਆ ਪ੍ਰਦਾਨ ਕਰ ਸਕਦੇ ਹਨ। ਪਰ ਅੱਜ ਦੀ ਪ੍ਰੀਖਿਆ ਪ੍ਰਣਾਲੀ ਉਕ੍ਤ ਉਦੇਸ਼ਾਂ ਦੀ ਪੂਰਤੀ ਵਿੱਚ ਸਹਾਇਕ ਹੋਣ ਦੀ ਬਜਾਏ, ਇਕ ਰੁਕਾਵਟ ਬਣਦੀ ਹੈ। ਵਰਤਮਾਨ ਪ੍ਰਣਾਲੀ ਇਤਨੀ ਪੁਰਾਣੀ ਤੇ ਬੋਦੀ ਹੋ ਚੁੱਕੀ ਹੈ ਕਿ ਇਹ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਨਹੀਂ ਕਰ ਸਕਦੀ। ਯੂਨੀਵਰਸਿਟੀ ਗਰਾਂਟ ਕਮਿਸ਼ਨ ਅਨੁਸਾਰ 'ਭਾਰਤੀ ਸਿੱਖਿਆ ਪ੍ਰਬੰਧ ਵਿਚ ਲਗਭਗ ਅੱਧੀ ਸਦੀ ਪ੍ਰੀਖਿਆਵਾਂ ਇਸ ਦੇ ਸਬੰਧ ਦੇ ਖਰਾਬ ਅੰਗ ਦੇ ਰੂਪ ਵਿਚ ਚਲੀਆਂ ਆਉਂਦੀਆਂ ਹਨ।

ਅਜੋਕੀ ਪ੍ਰੀਖਿਆ ਪ੍ਰਣਾਲੀ, ਨਵੀਂ ਸਿੱਖਿਆ ਪ੍ਰਣਾਲੀ ਦਾ ਸਹੀ ਅਰਥਾਂ ਵਿਚ ਮੁਲਾਂਕਣ ਨਹੀਂ ਕਰ ਰਹੀ। ਇਸ ਵਿਚ ਅਨੇਕ ਦੋਸ਼ ਹਨ। ਯੂਨੀਵਰਸਿਟੀ ਗਰਾਂਟ ਕਮਿਸ਼ਨ ਨੇ 1992 ਈ. ਸਮਕਾਲੀਨ ਪ੍ਰੀਖਿਆ ਪ੍ਰਣਾਲੀ ਉਪਰ ਦੁੱਖ ਪ੍ਰਗਟ ਕਰਦੇ ਹੋਏ ਲਿਖਿਆ ਸੀ ਕਿ ਸਭ ਤੋਂ ਵੱਡੀ ਘਾਟ, ਜਿਸ ਨਾਲ ਭਾਰਤੀ ਯੂਨੀਵਰਸਿਟੀ ਦੀ ਸਿੱਖਿਆ ਗ੍ਰਸਤ ਹੈ, ਉਹ ਇਹ ਹੈ ਕਿ ਸਿੱਖਿਆ ਪ੍ਰੀਖਿਆ ਦੇ ਅਧੀਨ ਹੈ, 'ਰਾਧਾ ਕ੍ਰਿਸ਼ਨਨ ਆਯੋਗ' ਨੇ ਲਿਖਿਆ ਸੀ ਕਿ ਜੇਕਰ ਸਿੱਖਿਆ

ਦੇ ਇਕੋ ਇਕ ਸੁਧਾਰ ਦਾ ਨਾਮ ਲਿਆ ਜਾਵੇ ਤਾਂ ਉਹ ਪ੍ਰੀਖਿਆ ਦਾ ਸੁਧਾਰ ਹੈ।

ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿਚ ਹੇਠ ਲਿਖੇ ਦੋਸ਼ ਹਨ :

**(1) ਅਪ੍ਰਮਾਣਿਕ :** ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿਗਿਆਨਕ ਨਾ ਹੋਣ ਕਾਰਨ, ਵਿਦਿਆਰਥੀ ਦੀ ਸਹੀ ਜਾਂਚ ਨਹੀਂ ਕਰ ਸਕਦੀ। ਇਸ ਵਿੱਚ ਪੁਸਤਕੀ ਗਿਆਨ ਉਪਰ ਹੀ ਬਲ ਦਿੱਤਾ ਜਾਂਦਾ ਹੈ। ਜਿਸ ਵਿਦਿਆਰਥੀ ਨੇ ਜ਼ਿਆਦਾ ਰੱਟਾ ਲਾ ਲਿਆ ਉਹ ਪ੍ਰੀਖਿਆ ਵਿਚ ਵੱਧ ਅੰਕ ਪ੍ਰਾਪਤ ਕਰ ਸਕਦਾ ਹੈ ਤੇ ਯੋਗ ਵਿਦਿਆਰਥੀ ਜੋ ਰੱਟਾ ਨਹੀਂ ਲਾ ਸਕਦਾ ਉਹ ਅਕਸਰ ਫੇਲ੍ਹ ਹੋ ਜਾਂਦਾ ਹੈ ਜਾਂ ਘੱਟ ਅੰਕ ਪ੍ਰਾਪਤ ਕਰਦਾ ਹੈ। ਇਕ ਤਾਂ ਵਿਦਿਆਰਥੀ ਦੀ ਯੋਗਤਾ ਨੂੰ ਪਰਖਣ ਦੀ ਬਜਾਏ, ਉਨ੍ਹਾਂ ਦੇ ਰੱਟਾ ਲਾਉਣ ਦੀ ਸਮਰੱਥਾ ਨੂੰ ਪਰਖਦੀ ਹੈ। ਸੈਕੰਡਰੀ ਸਿੱਖਿਆ ਕਮਿਸ਼ਨ ਨੇ ਵਰਤਮਾਨ ਪ੍ਰੀਖਿਆ ਪ੍ਰਣਾਲੀ ਬਾਰੇ ਠੀਕ ਹੀ ਲਿਖਿਆ ਹੈ, 'ਵਰਤਮਾਨ ਪ੍ਰੀਖਿਆਵਾਂ ਤਾਂ ਕੇਵਲ ਰੱਟਾ ਲਗਾਣ ਦੀ ਸ਼ਕਤੀ ਦੀ ਜਾਂਚ ਕਰਦੀਆਂ ਹਨ : ਇਸ ਲਈ ਇਹ ਨਵੇਂ ਪ੍ਰਯੋਗਾਂ ਦੇ ਰਾਹ ਵਿਚ ਰੁਕਾਵਟ ਹਨ। ਅਧਿਆਪਕਾਂ ਨੂੰ ਨਵੀਆਂ ਸਿਖਸ਼ਣ ਵਿਧੀਆਂ ਅਪਣਾਉਣ ਤੋਂ ਰੋਕਦੀਆਂ ਹਨ, ਇਹ ਵਿਦਿਆਰਥੀਆਂ ਨੂੰ ਕੇਵਲ ਰੱਟੂ ਤੋਤੇ ਬਣਾ ਕੇ ਰਖ ਦਿੰਦੀਆਂ ਹਨ।

**(2) ਭਰੋਸੇ ਰਹਿਤ :** ਵਰਤਮਾਨ ਪ੍ਰੀਖਿਆ ਪ੍ਰਣਾਲੀ ਭਰੋਸੇ ਯੋਗ ਨਹੀਂ ਹੈ। ਵਿਦਿਆਰਥੀ ਦੀਆਂ ਉੱਤਰ ਕਾਪੀਆਂ ਦੀ ਜਾਂਚ, ਪ੍ਰੀਖਿਆ ਦੀ ਨਿੱਜੀ ਰੁਚੀ ਤੇ ਨਿਰਭਰ ਕਰਦੀ ਹੈ। ਹਰ ਇੱਕ ਪ੍ਰੀਖਿਅਕ ਦਾ ਸ਼ੁਭਾਅ ਵਿਚਾਰ ਇੱਕ-ਦੂਜੇ ਤੋਂ ਭਿੰਨ ਹੁੰਦੇ ਹਨ। ਕਈ ਪ੍ਰੀਖਿਅਕ ਨਰਮ ਰਵੱਈਆ ਅਪਣਾਉਂਦੇ ਹਨ, ਜਦੋਂ ਕਿ ਕੁਝ ਸਖਤ ਸ਼ੁਭਾ ਦੇ ਹੁੰਦੇ ਹਨ। ਸਾਰੀਆਂ ਉਤਰ-ਕਾਪੀਆਂ ਤਾਂ ਇਕ ਪ੍ਰੀਖਿਅਕ ਨੇ ਜਾਂਚਣੀਆਂ ਨਹੀਂ ਹੁੰਦੀਆਂ। ਇਸ ਤਰ੍ਹਾਂ ਉਕਤ-ਕਾਪੀਆਂ ਦੀ ਜਾਂਚ ਵਿਚ ਭਿੰਨਤਾ ਆ ਜਾਂਦੀ ਹੈ। ਵਿਦਿਆਰਥੀਆਂ ਦੀ ਕਿਸਮਤ ਦਾ ਫੈਸਲਾ ਪ੍ਰੀਖਿਅਕ ਦੇ ਸੁਭਾਅ ਤੇ ਨਿਰਭਰ ਕਰਦਾ ਹੈ। ਦੂਜਾ ਨਾਪਣ ਲਈ ਕੋਈ ਨਿਯਮਿਤ ਯੰਤਰ ਨਹੀਂ ਹੈ। ਜੇਕਰ ਇਹ ਅਧਿਆਪਕ ਕਿਸੇ ਇਕ ਉੱਤਰ-ਕਾਪੀ ਦਾ ਮੁਲਾਂਕਣ ਕਰਨ ਸਮੇਂ 60 ਅੰਕ ਪ੍ਰਦਾਨ ਕਰਦਾ ਹੈ ਤਾਂ ਦੋ ਮਹੀਨੇ ਮਗਰੋਂ ਉਹ ਉਤਰ-ਕਾਪੀ, ਉਸ ਅਧਿਆਪਕ ਨੂੰ ਜਾਂਚਣ ਲਈ ਦਿੱਤੀ ਜਾਵੇ ਤਾਂ ਉਹ 70 ਜਾਂ 50 ਅੰਕ ਦੇਵੇਗਾ।

**(3) ਮੌਕਾ ਮੇਲ ਦੀ ਪ੍ਰਧਾਨਤਾ :** ਵਰਤਮਾਨ ਪ੍ਰੀਖਿਆ ਵਿਚ ਮੌਕਾ ਮੇਲ ਸੰਜੋਗ ਦੀ ਪ੍ਰਧਾਨਤਾ ਰਹਿੰਦੀ ਹੈ। ਜੇਕਰ ਸੰਜੋਗ ਵਸ ਉਸ ਪਾਠ ਕ੍ਰਮ ਵਿਚੋਂ ਪ੍ਰਸ਼ਨ ਆ ਗਏ, ਜਿਸ ਨੂੰ ਵਿਦਿਆਰਥੀ ਨੇ ਰੱਟਾ ਲਾਇਆ ਹੈ ਤਾਂ ਉਸ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਹਨ। ਉਹ ਭਾਵੇਂ ਸਾਰਾ ਸਾਲ ਵਿਹਲਾ ਘੁੰਮਦਾ ਰਿਹਾ ਹੋਵੇ। ਪਰ ਪ੍ਰੀਖਿਆ ਵਿਚ ਚੰਗੇ ਅੰਕ ਲੈ ਕੇ ਪਾਸ ਹੋ ਜਾਂਦਾ ਹੈ। ਅਕਸਰ ਇਹੋ ਜਿਹੇ ਵਿਦਿਆਰਥੀ ਵੇਖਣ ਨੂੰ ਮਿਲਦੇ ਹਨ ਜੋ ਸਾਰਾ ਸਾਲ ਮਿਹਨਤ ਕਰਦੇ ਰਹਿੰਦੇ ਹਨ ਪਰ ਪ੍ਰੀਖਿਆ ਵਿਚ ਕੁਝ ਇਹੋ ਜਿਹੇ ਪ੍ਰਸ਼ਨ ਆ ਜਾਂਦੇ ਹਨ, ਜੋ ਉਨ੍ਹਾਂ ਨੇ ਤਿਆਰ ਨਹੀਂ ਕੀਤੇ ਹੁੰਦੇ ਤੇ ਵਿਚਾਰੇ ਫੇਲ ਹੋ ਜਾਂਦੇ ਹਨ। ਉਨ੍ਹਾਂ ਦੀ ਸਾਲ ਭਰ ਦੀ ਮਿਹਨਤ ਅਜਾਈਂ ਚਲੀ ਜਾਂਦੀ ਹੈ। ਅਜੋਕੀ ਪ੍ਰੀਖਿਆ ਅਨੁਸਾਰ ਵਿਦਿਆਰਥੀ ਦੀ ਯੋਗਤਾ ਦਾ ਅਨੁਮਾਨ ਪ੍ਰੀਖਿਆ ਵਿਚੋਂ ਪ੍ਰਾਪਤ ਅੰਕਾਂ ਤੋਂ ਲਾਇਆ ਜਾਂਦਾ ਹੈ।

**(4) ਪ੍ਰੀਖਿਆ ਪਾਠ-ਕ੍ਰਮ ਉੱਤੇ ਹਾਵੀ ਹੈ :** ਅਜੋਕੀ ਪ੍ਰੀਖਿਆ ਵਿਧੀ ਦਾ ਪਾਠ-ਕ੍ਰਮ ਤੇ ਵੀ ਬਹੁਤ ਪ੍ਰਭਾਵ ਹੈ। ਅਧਿਆਪਕ ਅਤੇ ਵਿਦਿਆਰਥੀ ਦਾ ਸਾਰਾ ਯਤਨ ਪ੍ਰੀਖਿਆ ਪਾਸ ਕਰਨਾ ਹੁੰਦਾ ਹੈ। ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਸਮੇਂ ਪ੍ਰੀਖਿਆ ਦੀ ਦ੍ਰਿਸ਼ਟੀ ਵਿਚ ਰੱਖਦਾ ਹੈ, ਪਾਠ ਪੁਸਤਕ ਦੇ ਉਸ ਹਿੱਸੇ ਉਪਰ ਜ਼ਿਆਦਾ ਬਲ ਦਿੰਦਾ ਹੈ, ਜਿਸ ਵਿਚੋਂ ਉਸ ਨੂੰ ਇਮਤਿਹਾਨ ਵਿਚ ਪ੍ਰਸ਼ਨ ਆਉਣ ਦੀ ਸੰਭਾਵਨਾ ਹੁੰਦੀ ਹੈ ਪਾਠ ਕ੍ਰਮ ਦਾ ਉਹ ਹਿੱਸਾ ਬਿਲਕੁਲ ਛੱਡ ਹੀ ਦਿੱਤਾ ਜਾਂਦਾ ਹੈ, ਜਿਸ ਵਿਚੋਂ ਪ੍ਰੀਖਿਆ ਵਿਚ ਪ੍ਰਸ਼ਨ

ਆਉਣ ਦੀ ਕੋਈ ਆਸ ਨਹੀਂ ਹੁੰਦੀ। ਅਧਿਆਪਕ ਅਤੇ ਵਿਦਿਆਰਥੀ ਪਾਠਾਂਤਰ ਕਾਰਜਸ਼ੀਲਤਾ ਵੱਲ ਕੋਈ ਧਿਆਨ ਨਹੀਂ ਦਿੰਦਾ ਕਿਉਂਕਿ ਉਨ੍ਹਾਂ ਦਾ ਸਾਰਾ ਧਿਆਨ ਤਾਂ ਪ੍ਰੀਖਿਆ ਪਾਸ ਕਰਨ ਉਪਰ ਕੇਂਦਰਿਤ ਹੁੰਦਾ ਹੈ। ਸੰਖੇਪ, ਵਿਚ ਇੰਜ ਕਹਿ ਸਕਦੇ ਹਾਂ ਕਿ ਅਜੋਕੀ ਪ੍ਰਣਾਲੀ ਨੇ ਸਿੱਖਿਆ ਪੱਧਤੀ ਨੂੰ ਮੰਤਵਹੀਣ ਬਣਾ ਦਿੱਤਾ ਹੈ।

**(5)** **ਸਹੀ ਮੁਲਾਂਕਣ ਨਹੀਂ ਕਰਦੀ :** ਅਜੋਕੀ ਪ੍ਰੀਖਿਆ ਪ੍ਰਣਾਲੀ ਬੱਚੇ ਦੇ ਵਿਅਕਤਿੱਤਵ ਦੇ ਸਰਬਪੱਖੀ ਵਿਕਾਸ ਦੀ ਪਰਖ ਨਹੀਂ ਕਰਦੀ ਸਗੋਂ ਇਹ ਬੱਚੇ ਦੀ ਸਿੱਖਿਆ ਦੇ ਇਕ ਪੱਖ, ਲਿਖਤ ਕਾਰਜ ਦਾ ਹੀ ਮੁਲਾਂਕਣ ਕਰਦੀ ਹੈ। ਇਸ 'ਚ ਬੱਚੇ ਦੀ ਮੌਖਿਕ ਯੋਗਤਾ, ਬੁਧੀ ਯੋਗਤਾ, ਵਿਵਹਾਰਕ ਯੋਗਤਾ ਆਦਿ ਪਰਖਣ ਲਈ ਕੋਈ ਸਥਾਨ ਨਹੀਂ ਹੈ। ਇਸ ਵਿਚ ਬੱਚੇ ਦੇ ਸਰੀਰਕ ਵਿਕਾਸ, ਨੈਤਿਕ ਵਿਕਾਸ, ਤੇ ਸਮਾਜਿਕ ਵਿਕਾਸ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ ਹੈ।

**(6)** **ਨੈਤਿਕ ਮਿਆਰ ਦਾ ਡਿੱਗਣਾ :** ਅਜੋਕੀ ਸਿੱਖਿਆ ਪ੍ਰਣਾਲੀ, ਪ੍ਰੀਖਿਆ ਪ੍ਰਧਾਨ ਹੋਣ ਦੇ ਨਾਤੇ, ਬੱਚੇ ਦੀ ਯੋਗਤਾ ਦਾ ਮਾਪ ਦੰਡ ਉਸ ਦੁਆਰਾ ਪ੍ਰਾਪਤ ਅੰਕਾਂ ਉਪਰ ਹੀ ਲਗਾਉਂਦੀ ਹੈ। ਇਸ ਲਈ ਵਿਦਿਆਰਥੀ ਪ੍ਰੀਖਿਆ ਵਿਚੋਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਜ਼ਾਇਜ-ਨਜਾਇਜ ਢੰਗਾਂ ਦੀ ਵਰਤੋਂ ਕਰਦੇ ਹਨ। ਪ੍ਰੀਖਿਆਰਥੀ ਨਿਗਰਾਨ ਮਾਮਲੇ ਨੂੰ ਡਰਾ ਕੇ ਜਾਂ ਉਨ੍ਹਾਂ ਦੀ ਖੁਸ਼ਾਮਦ ਕਰਕੇ ਜਿਸ ਤਰ੍ਹਾਂ ਵੀ ਮੌਕਾ ਲੱਗੇ ਨਕਲ ਮਾਰ ਕੇ ਸਫਲਤਾ ਪ੍ਰਾਪਤ ਕਰਨ ਨੂੰ ਆਪਣਾ ਧਰਮ ਸਮਝਦੇ ਹਨ। ਵਿਦਿਆਰਥੀਆਂ ਦੇ ਦਿਲਾਂ ਵਿਚ ਗੁਰੂ ਰੂਪੀ, ਆਪਣੇ ਅਧਿਆਪਕਾਂ ਦੇ ਲਈ ਕੋਈ ਸਤਿਕਾਰ ਨਹੀਂ ਰਹਿ ਗਿਆ ਹੈ। ਇਸ ਨੈਤਿਕ ਪਤਨ ਦਾ ਮੂਲ ਕਾਰਨ ਅਜੋਕੀ ਪ੍ਰੀਖਿਆ ਪ੍ਰਣਾਲੀ ਹੈ।


**(7)** **ਸਿਹਤ ਉੱਪਰ ਮਾੜਾ ਅਸਰ :** ਬੱਚੇ ਦਾ ਭਵਿੱਖ ਪ੍ਰੀਖਿਆ ਵਿਚੋਂ ਪ੍ਰਾਪਤ ਅੰਕਾਂ ਉਤੇ ਨਿਰਭਰ ਕਰਦਾ ਹੈ। ਉਸ ਨੂੰ ਪ੍ਰੀਖਿਆ ਵਿਚੋਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਨਿਰੰਤਰ ਡਰ ਬਣਿਆ ਰਹਿੰਦਾ ਹੈ। ਉਹ ਹਮੇਸ਼ਾ ਸਹਿਮਿਆ ਰਹਿੰਦਾ ਹੈ। ਉਹਦੀ ਮਾਨਸਿਕ ਸ਼ਾਂਤੀ ਭੰਗ ਹੋ ਜਾਂਦੀ ਹੈ। ਪ੍ਰੀਖਿਆ ਦਾ ਡਰ, ਦਿਨ-ਰਾਤ ਉਸਦਾ ਸਾਹ ਸੁਕਾਈ ਰੱਖਦਾ ਹੈ। ਇਸ ਡਰ ਦਾ ਮਾਰਿਆ ਹੋਇਆ, ਉਹ ਦਿਨ ਰਾਤ ਤੋਤੇ ਵਾਂਗ ਆਪਣੀ ਪਾਠ ਪੁਸਤਕਾਂ ਨੂੰ ਰੱਟਾ ਲਾਉਂਦਾ ਹੈ। ਜਿਵੇਂ ਜਿਵੇਂ ਪ੍ਰੀਖਿਆ ਨੇੜੇ ਆਉਂਦੀ ਹੈ, ਉਸ ਨੂੰ ਖਾਣਾ ਪੀਣਾ ਹੱਸਣਾ ਭੁੱਲ ਜਾਂਦਾ ਹੈ। ਕਈ ਵਿਦਿਆਰਥੀ ਤਾਂ ਬਿਮਾਰ ਹੋ ਜਾਂਦੇ ਹਨ। ਅਕਸਰ ਬੱਚੇ ਦੀ ਸਿਹਤ ਖਰਾਬ ਹੋ ਜਾਂਦੀ ਹੈ। ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਐਚ. ਜੀ. ਸਟਿਡ ਦੇ ਸ਼ਬਦਾਂ ਵਿਚ ਪ੍ਰੀਖਿਆ ਵਿਦਿਆਰਥੀਆਂ ਦੇ ਅੰਦਰ ਮਨੋਭਾਵੁਕ ਅਸੰਤੁਲਨ ਉਤਪੰਨ ਕਰਦੀ ਹੈ। ਜਿਸ ਰਾਹੀਂ ਉਨ੍ਹਾਂ ਦੀ ਸਰੀਰਕ, ਮਾਨਸਿਕ ਤੇ ਮਨੋਭਾਵੁਕ ਸਿਹਤ ਖਰਾਬ ਹੋ ਜਾਂਦੀ ਹੈ। ਇਮਤਿਹਾਨ ਸਿੱਖਿਆ ਪ੍ਰਾਪਤ ਕਰਨ ਲਈ ਕੋਈ ਪ੍ਰੇਰਨਾ ਪ੍ਰਦਾਨ ਨਹੀਂ ਕਰਦੇ, ਸਗੋਂ ਪਹਿਲੀ ਪ੍ਰੇਰਣਾ ਵੀ ਖਤਮ ਕਰ ਦਿੰਦੇ ਹਨ।

**(8)** **ਅਧਿਆਪਕ ਉੱਪਰ ਵੀ ਬੁਰਾ ਪ੍ਰਭਾਵ :** ਪ੍ਰੀਖਿਆ ਪ੍ਰਣਾਲੀ ਰਾਹੀਂ ਕੇਵਲ ਵਿਦਿਆਰਥੀ ਦੀ ਯੋਗਤਾ ਦਾ ਧਿਆਨ ਵੀ ਬੱਚਿਆਂ ਨੂੰ ਪ੍ਰੀਖਿਆ ਵਿਚ ਪਾਸ ਕਰਾਉਣ ਵੱਲ ਲੱਗਾ ਰਹਿੰਦਾ ਹੈ। ਉਹ ਸਾਰੇ ਪਾਠਕ੍ਰਮ ਨੂੰ ਪੜ੍ਹਾਉਣ ਦੀ ਬਜਾਏ, ਪਾਠਕ੍ਰਮਾਂ ਦੇ ਉਸ ਭਾਗ ਉਤੇ ਵਧੇਰੇ ਧਿਆਨ ਦਿੰਦੇ ਹਨ, ਜਿੰਨਾਂ ਵਿਚੋਂ ਪ੍ਰੀਖਿਆ ਵਿਚ ਵੱਧ ਪ੍ਰਸ਼ਨ ਆਉਣ ਦੀ ਸੰਭਾਵਨਾ ਹੈ। ਇਸ ਨਾਲ ਉਸ ਦੀ ਸਫਲਤਾ ਅਤੇ ਪੜ੍ਹਾਉਣ ਕੋਸ਼ਲ ਦਾ ਨਾਸ਼ ਹੋ ਜਾਂਦਾ ਹੈ।

ਪ੍ਰੀਖਿਆ ਪ੍ਰਣਾਲੀ ਵਿਚ ਇਤਨੇ ਦੋਸ਼ ਹੁੰਦੇ ਹੋਏ ਵੀ ਅਸੀਂ ਇਸਨੂੰ ਖਤਮ ਕਰਨ ਲਈ ਤਿਆਰ ਨਹੀਂ ਹਾਂ ਇਸ ਦਾ ਮੂਲ ਕਾਰਨ ਇਹ ਹੈ ਕਿ ਸਾਡੇ ਪਾਸ ਬੱਚੇ ਦੀ ਪ੍ਰਾਪਤੀ ਪਰਖ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਦੇ ਮਾਧਿਅਮ ਰਾਹੀਂ ਇਹ ਪਰਖ ਹੁੰਦੀ ਹੈ ਕਿ ਵਿਦਿਆਰਥੀ ਨੇ ਸਿੱਖਿਆ ਵਿਚ ਕਿੰਨੀ ਕੁ ਪ੍ਰਗਤੀ ਕੀਤੀ ਹੈ। ਦੂਜੇ ਪਾਸੇ ਅਜੋਕੀ

ਸਿੱਖਿਆ ਪ੍ਰਣਾਲੀ ਦੋਸ਼ ਪੂਰਨ ਹੈ। ਅਜੋਕੀ ਪ੍ਰੀਖਿਆ ਰਾਹੀਂ ਬੱਚੇ ਦੇ ਵਿਅਕਤੀਤੱਵ ਸਰਬ-ਪੱਖੀ ਵਿਕਾਸ ਦਾ ਮੁਲਾਂਕਣ ਨਹੀਂ ਹੋ ਸਕਦਾ। ਬੱਚਿਆਂ ਦੀ ਸਿਖਸ਼ਣ ਕ੍ਰਿਆਵਾਂ ਅਤੇ ਅਨੁਭਵ ਰਾਹੀਂ ਜੋ ਕੁਝ ਵੀ ਵਿਵਹਾਰਿਕ ਅਤੇ ਆਚਰਨਿਕ ਪਰਿਵਰਤਨ ਆਉਂਦਾ ਹੈ, ਉਸ ਬਾਰੇ ਜਾਣਨਾ ਜ਼ਰੂਰੀ ਹੈ। ਪਰ ਅਜੋਕੀ ਪ੍ਰੀਖਿਆ ਇਸ ਪੱਖ ਵੱਲ ਕੋਈ ਧਿਆਨ ਨਹੀਂ ਦਿੰਦੀ। ਇਹ ਤਾਂ ਕੇਵਲ ਉਹਦੇ ਉਪਰਲੀ ਸਤਰ ਦੇ ਗਿਆਨ ਦੀ ਪਰਖ ਕਰਦੀ ਹੈ।

ਮੁਲਾਂਕਣ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਕਰਨਾ ਲਾਜ਼ਮੀ ਹੈ। ਮੁਲਾਂਕਣ ਦਾ ਅੰਤਮ ਟੀਚਾ ਪ੍ਰੀਖਿਆ ਨੂੰ ਵੱਧ ਤੋਂ ਵੱਧ ਉਪਯੋਗੀ ਬਣਾਉਣਾ ਹੈ। ਅਸਲ ਵਿੱਚ ਮੁਲਾਂਕਣ ਇਕ ਤ੍ਰਿਕੋਣੀ ਪ੍ਰਕਿਰਿਆ ਹੈ। ਇਸ ਤ੍ਰਿਕੋਣੀ ਪ੍ਰਕਿਰਿਆ ਦਾ ਆਧਾਰ ਸਿੱਖਿਆ ਦਾ ਉਦੇਸ਼ ਹੈ। ਦੂਜਾ ਕੋਣ ਸਿੱਖਿਆ ਨਾਲ ਉਤਪੰਨ ਅਨੁਭਵ ਤੇ ਤੀਜਾ ਕੋਣ ਵਿਵਹਾਰਿਕ ਪਰਿਵਰਤਨ ਕਰਨਾ ਹੈ।




ਸਿੱਖਿਆ ਦਾ ਉਦੇਸ਼ ਸਿੱਖਿਆ ਰਾਹੀਂ ਵਿਦਿਆਰਥੀਆਂ ਦੇ ਜੀਵਨ ਅਤੇ ਆਚਰਣ ਵਿਚ ਪਰਿਵਰਤਨ ਲਿਆਉਂਣਾ ਹੁੰਦਾ ਹੈ। ਇਨ੍ਹਾਂ ਪਰਿਵਤਰਨਾਂ ਨੂੰ ਲਿਆਉਣ ਲਈ ਸਕੂਲ ਵਿਚ ਸਿੱਖਣ ਅਨੁਭਵ ਪ੍ਰਦਾਨ ਕੀਤਾ ਜਾਂਦਾ ਹੈ। ਸਿਖ਼ਸ਼ਣ ਅਨੁਭਵਾਂ ਦੀ ਸਫਲਤਾ ਵਿਦਿਆਰਥੀਆਂ ਦੀਆਂ ਵਿਵਹਾਰਿਕ ਤਬਦੀਲੀਆਂ ਅਨੁਸਾਰ ਜਾਂਚੀਆਂ ਜਾਂਦੀਆਂ ਹਨ। ਜਿਸ ਤਰ੍ਹਾਂ ਸਿੱਖਿਆ ਦੇ ਉਦੇਸ਼ ਸਿੱਖਣ ਅਨੁਭਵ ਅਤੇ ਮੁਲਾਂਕਣ ਪਰਸਪਰ ਅੰਤਰ-ਸੰਬੰਧਤ ਹਨ।

### 2.4.7 ਮੁਲਾਂਕਣ ਦੀਆਂ ਕਿਸਮਾਂ :

ਅਜੋਕੀ ਪ੍ਰੀਖਿਆ ਪ੍ਰਣਾਲੀ ਦੇ ਦੋਸ਼ਾਂ ਨੂੰ ਵੇਖ ਕੇ ਇਹ ਗਿਆਤ ਹੁੰਦਾ ਹੈ ਕਿ ਕੋਈ ਇੱਕ ਵਿਧੀ, ਮੁਲਾਂਕਣ ਦੇ ਉਦੇਸ਼ਾਂ ਦੀ ਪੂਰਤੀ ਨਹੀਂ ਕਰਦੀ ਮਾਤ-ਭਾਸ਼ਾ ਦੀਆਂ ਯੋਗਤਾਵਾਂ ਦਾ ਹੇਠ ਲਿਖੇ ਪੰਜ ਸਾਧਨਾਂ ਰਾਹੀਂ ਮੁਲਾਂਕਣ ਕਰਨਾ ਚਾਹੀਦਾ ਹੈ। ਉਦਾਹਰਨ ਦੇ ਤੌਰ ਤੇ :

**ਮਾਤ-ਭਾਸ਼ਾ ਦੀਆਂ ਯੋਗਤਾਵਾਂ ਦਾ ਮੁਲਾਂਕਣ**

| | | | | |
|---|---|---|---|---|
| ਮੌਖਿਕ ਪ੍ਰੀਖਿਆ | ਦੈਨਿਕ ਕੰਮ ਦਾ ਲੇਖਾ ਜੋਖਾ | ਨਿਬੰਧਾਤਮਕ ਪ੍ਰਸ਼ਨ | ਲਘੂ ਉਤਰ ਪ੍ਰਸ਼ਨ | ਵਸਤੂਗਤ ਪ੍ਰਸ਼ਨ |

1. **ਮੌਖਿਕ-ਪ੍ਰੀਖਿਆ:** ਬੱਚੇ ਦੇ ਉਚਾਰਣ ਦੀ ਸ਼ੁਧਤਾ ਤੇ ਆਤਮ-ਪ੍ਰਕਾਸ਼ਨ ਦੀ ਦ੍ਰਿਸ਼ਟੀ ਤੋਂ ਮਾਤ ਭਾਸ਼ਾ ਦੇ ਮੁਲਾਂਕਣ ਵਿਚ ਮੌਖਿਕ-ਪ੍ਰੀਖਿਆ ਦਾ ਇਕ ਮਹੱਤਵਪੂਰਨ ਸਥਾਨ ਹੈ। ਅਜੋਕੀ ਪ੍ਰਣਾਲੀ ਵਿਚ ਮੌਖਿਕ ਪ੍ਰੀਖਿਆ ਦਾ ਯੋਗ ਸਥਾਨ ਨਾ ਹੋਣ ਕਾਰਨ, ਆਮ ਤੌਰ ਤੇ ਵੇਖਿਆ ਗਿਆ ਹੈ ਕਿ ਵਿਸ਼ਵ ਵਿਦਿਆਲੇ ਵਿਚ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀ ਮੌਖਿਕ ਪ੍ਰਸ਼ਨਾਂ ਵਿਚ ਘਬਰਾ ਜਾਂਦੇ ਹਨ।

ਹਰ ਇਕ ਸ਼੍ਰੇਣੀ ਦੀ ਪ੍ਰੀਖਿਆ ਵਿਚ ਮੌਖਿਕ ਪ੍ਰੀਖਿਆ ਲਈ ਕੁਝ ਅੰਕ ਨੀਯਤ ਹੋਣੇ ਚਾਹੀਦੇ ਹਨ। ਤਦ ਹੀ ਬੱਚੇ ਮੌਖਿਕ ਕਾਰਜ ਵਿਚ ਰੁਚੀ ਲੈ ਸਕਣਗੇ। ਇਸ ਤਰ੍ਹਾਂ ਉਹ ਚੰਗੀ ਤਰ੍ਹਾਂ ਪੜ੍ਹਨਾ, ਭਾਵ ਅਨੁਸਾਰ ਬੋਲਣਾ, ਭਾਸ਼ਣ ਦੇਣਾ, ਰਸਮਈ ਕਵਿਤਾ ਦੀ ਅਨੁਭਤੀ ਕਰਵਾਉਣ ਲਈ ਸਫਲ ਹੋ ਸਕਣਗੇ।

**2. ਲਿਖਤੀ ਪ੍ਰੀਖਿਆ :** ਵਿਦਿਆਰਥੀ ਦੀਆਂ ਭਾਸ਼ਾ ਦੀਆਂ ਯੋਗਤਾਵਾਂ ਦੇ ਮੁਲਾਂਕਣ ਲਈ ਲਿਖਤੀ ਸਾਧਨਾਂ ਵਿਚ ਮੁਖ ਤੌਰ ਤੇ ਤਿੰਨ ਤਰ੍ਹਾਂ ਦੇ ਪ੍ਰਸ਼ਨ ਸ਼ਾਮਲ ਕੀਤੇ ਜਾਂਦੇ ਹਨ :-

**(1) ਨਿਬੰਧਾਤਮਕ ਪ੍ਰਸ਼ਨ :** ਇਨ੍ਹਾਂ ਪ੍ਰਸ਼ਨਾਂ ਦੀ ਗਿਣਤੀ ਘੱਟ ਹੁੰਦੀ ਹੈ ਆਮ ਕਰਕੇ ਵਿਦਿਆਰਥੀਆਂ ਦੇ ਗਿਆਨ ਤੇ ਲਿਖਤੀ ਪ੍ਰਗਟਾਅ ਦੀਆਂ ਯੋਗਤਾਵਾਂ ਦੇ ਮੁਲਾਂਕਣ ਲਈ ਵਰਤੇ ਜਾਂਦੇ ਹਨ। ਲਿਖਤੀ ਪ੍ਰਸ਼ਨ ਪੱਤਰ ਵਿਚ 'ਲੇਖ ਰਚਨਾ' ਵਾਰਤਕ ਦੇ ਪਾਠਾਂ ਵਾਰੇ ਵੱਡੇ ਪ੍ਰਸ਼ਨ ਆਦਿ ਇਸ ਸ਼੍ਰੇਣੀ ਵਿਚ ਆਉਂਦੇ ਹਨ। ਉੱਤਰ ਦੀ ਸੀਮਾ 250 ਸ਼ਬਦਾਂ ਤੋਂ ਵੱਧ ਹੁੰਦੀ ਹੈ।

**(2) ਲਘੂ ਉੱਤਰ ਪ੍ਰਸ਼ਨ :** ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਘੱਟ ਸ਼ਬਦਾਂ ਵਿਚ (ਲਗਭਗ 60 ਤੋਂ 100) ਦਿੱਤੇ ਜਾਂਦੇ ਹਨ ਤੇ ਇਹ ਪ੍ਰਸ਼ਨ ਵਿਦਿਆਰਥੀਆਂ ਦੀ ਅਰਥ ਗ੍ਰਹਿਣ ਯੋਗਤਾ ਤੇ ਪ੍ਰਸੰਸਾਂ ਦੀ ਪਰਖ ਲਈ ਉਪਯੋਗੀ ਮੰਨੇ ਜਾਂਦੇ ਹਨ।

ਪੈਰਾ-ਰਚਨਾ, 'ਸੰਖੇਪ-ਰਚਨਾ', ਅਣਡਿੱਠੇ ਪੈਰੇ ਬਾਰੇ ਪ੍ਰਸ਼ਨ 'ਕਵਿਤਾ/ਕਹਾਣੀ ਦਾ ਸਾਰ', ਕਿਸੇ ਦਾ ਪਾਤਰ-ਚਿਤਰਨ, ਪ੍ਰਸੰਗ ਸਹਿਤ ਵਿਆਖਿਆ, ਕਾਵਿ ਸਰਿਤਾ ਦੀ ਵਿਆਖਿਆ ਆਦਿ ਪ੍ਰਸ਼ਨ ਇਸ ਵੰਨਗੀ ਦੇ ਹਨ। ਇਨ੍ਹਾਂ ਪ੍ਰਸ਼ਨਾਂ ਦੀ ਵਰਤੋਂ ਲਾਜ਼ਮੀ ਤੌਰ ਤੇ ਹੋਣੀ ਚਾਹੀਦੀ ਹੈ। ਇਨ੍ਹਾਂ ਦੀ ਗਿਣਤੀ ਨਿਬੰਧਾਤਮਕ ਪ੍ਰਸ਼ਨਾਂ ਤੋਂ ਵੱਧ ਪਰ ਵਸਤੂ-ਨਿਸ਼ਟ ਪ੍ਰਸ਼ਨਾਂ ਦੀ ਗਿਣਤੀ ਤੋਂ ਘੱਟ ਹੁੰਦੀ ਹੈ।

**(3) ਵਸਤੂ ਨਿਸ਼ਟ ਪ੍ਰਸ਼ਨ :** ਅਨੇਕਾਂ ਵੰਨਗੀਆਂ ਦੇ ਹੋ ਸਕਦੇ ਹਨ। ਇਨ੍ਹਾਂ ਪ੍ਰਸ਼ਨਾਂ ਉਪਰ ਸਭ ਤੋਂ ਵੱਧ ਭਰੋਸਾ ਕੀਤਾ ਜਾ ਸਕਦਾ ਹੈ ਤੇ ਇਹ ਪ੍ਰਸ਼ਨ ਹੀ ਮੁਲ ਅੰਕਣ ਪ੍ਰਣਾਲੀ ਨੂੰ ਵਿਸਤ੍ਰਿਤ ਸਰੂਪ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਗਿਣਤੀ ਕਾਫੀ ਹੋ ਸਕਦੀ ਹੈ।

ਵਸਤੂ ਨਿਸ਼ਟ ਪ੍ਰਸ਼ਨਾਂ ਦੀ ਵਰਤੋਂ ਪਾਠ ਸਮੱਗਰੀ ਬਾਰੇ ਗਿਆਨ ਦੇ ਪੱਖਾਂ ਦਾ ਮੁਲਾਂਕਣ ਕਰਨ ਲਈ ਸਭ ਤੋਂ ਵੱਧ ਉਪਯੋਗੀ ਮੰਨੀ ਗਈ ਹੈ।

ਨਿਬੰਧਾਤਮਕ ਪ੍ਰੀਖਿਆ ਦੇ ਸ਼ਬਦ ਪਿਛਲੇ ਪੰਨਿਆਂ ਤੇ ਅਨੇਕਾ ਔਗੁਣ ਦਸ ਆਏ ਹਨ ਪਰ ਫਿਰ ਵੀ ਵਿਦਿਆਰਥੀ ਦੇ ਸ਼ਬਦ ਭੰਡਾਰ, ਸ਼ਬਦ ਸ਼ੈਲੀ, ਤਰਕਸ਼ੀਲ-ਅਲੋਚਨਾ, ਸ਼ਕਤੀ ਦੀ ਪਰਖ ਕਰਨ ਲਈ ਇਹ ਜ਼ਰੂਰੀ ਹੈ। ਇਹ ਪ੍ਰੀਖਿਆ ਵਿਧੀ ਆਤਮ ਅਭਿਵਿਅਕਤੀ ਦਾ ਇਕ ਵਧੀਆ ਮਾਧਿਅਮ ਹੈ। ਸੁੰਦਰ ਨਿਬੰਧ, ਤਰਕ ਪੂਰਨ ਅਲੋਚਨਾ, ਪੁਸਤਕਾਂ ਦੀ ਸਮੀਖਿਆ, ਜੀਵਨ ਆਦਿ ਲਿਖਣ ਅਤੇ ਸਿਖਣ ਦਾ ਮਾਧਿਅਮ ਨਿਬੰਧਾਤਮਕ ਪ੍ਰਸ਼ਨ ਹਨ। ਸੰਗਠਨ ਵਿਵੇਚਨ ਵਿਚ ਵੀ ਨਿਬੰਧਾਤਮਕ ਪ੍ਰੀਖਿਆ ਦਾ ਯੋਗਦਾਨ ਹੈ, ਪਰ ਪ੍ਰਚਲਿਤ ਨਿਬੰਧਾਤਮਕ ਪ੍ਰੀਖਿਆ ਵਿਚ ਕੁਝ ਸੁਧਾਰ ਕਰਨੇ ਜ਼ਰੂਰੀ ਹਨ।

**ਪ੍ਰਸ਼ਨ ਪੱਤਰ ਸੰਬੰਧੀ ਸੁਧਾਰ :** ਪ੍ਰੀਖਿਅਕ ਨੂੰ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਰੱਟੇ ਹੋਏ ਪ੍ਰਸ਼ਨਾਂ ਦੀ ਥਾਂ ਗਿਆਨਾਤਮਕ ਪ੍ਰਸ਼ਨਾਂ ਉਤੇ ਬਲ ਦੇਵੇ। ਪ੍ਰਸ਼ਨ ਪੱਤਰ ਵਿਚ ਵਿਸਥਾਰਮਈ ਚਾਰ ਜਾਂ ਪੰਜ ਪ੍ਰਸ਼ਨਾਂ ਦੀ ਥਾਂ, ਸੰਖੇਪ ਪ੍ਰਸ਼ਨਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਇਨ੍ਹਾਂ ਦਾ ਆਕਾਰ ਛੋਟਾ ਹੋਣਾ ਚਾਹੀਦਾ ਹੈ। ਇਹ ਪ੍ਰਸ਼ਨ ਸਾਰ ਪਾਠ-ਕ੍ਰਮ ਵਿਚੋਂ ਹੋਣੇ ਚਾਹੀਦੇ ਹਨ। ਪ੍ਰਸ਼ਨ ਦੀ ਭਾਸ਼ਾ ਸਪੱਸ਼ਟ ਸਰਲ ਤੇ ਸਹਿਜੇ ਸਮਝ ਵਿਚ ਆਉਣੀ ਜਾਣ ਵਾਲੀ ਹੋਣੀ ਚਾਹੀਦੀ ਹੈ।

**ਮੁਲਾਂਕਣ ਸੰਬੰਧੀ ਸੁਧਾਰ :** ਨਿਬੰਧਾਤਮਕ ਪ੍ਰੀਖਿਆ ਦਾ ਸਭ ਤੋਂ ਵੱਡਾ ਦੋਸ਼ ਉਤਰ ਕਾਪੀਆਂ ਦੀ ਜਾਂਚ ਨੂੰ ਮੰਨਿਆਂ ਜਾਂਦਾ ਹੈ ਅਰਥਾਤ ਪ੍ਰੀਖਿਅਕ ਦੇ ਉੱਤਰ ਕਾਪੀਆਂ ਦੇ ਜਾਂਚ ਸਮੇਂ ਪ੍ਰਦਾਨ ਅੰਕਾਂ ਵਿਚ ਭਿੰਨਤਾ ਹੈ। ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਲਈ ਸਾਰੀਆਂ ਉੱਤਰ-ਕਾਪੀਆਂ ਇਕੋ ਵਾਰ ਨਹੀਂ ਜਾਂਚਣੀਆਂ ਚਾਹੀਦੀਆਂ, ਸਗੋਂ ਪਹਿਲਾਂ ਸਾਰੀਆਂ ਉਤਰ-ਕਾਪੀਆਂ ਦੇ ਪਹਿਲੇ ਪ੍ਰਸ਼ਨ ਦੇ ਅੰਕ ਲਾਉਣੇ ਚਾਹੀਦੇ ਹਨ। ਇਸੇ ਕ੍ਰਮ ਅਨੁਸਾਰ ਬਾਕੀ ਪ੍ਰਸ਼ਨਾਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਧਿਆਪਕ ਦੀ ਨਿਜੀ ਰੁਚੀ ਦਾ ਪ੍ਰਭਾਵ ਸਾਰੀਆਂ ਉਤਰ ਕਾਪੀਆਂ ਤੇ ਇਕੋ ਜਿਹਾ ਪਵੇਗਾ। ਕਿਸੇ ਇਕ ਨਾਲ ਬੇਇਨਸਾਫੀ ਨਹੀਂ ਹੋਵੇਗੀ। ਇਹ ਵਿਧੀ ਔਖੀ ਤਾਂ ਹੈ ਤੇ ਇਸ ਤਰ੍ਹਾਂ ਪ੍ਰੀਖਿਅਕ ਦਾ ਸਮਾਂ ਜ਼ਿਆਦਾ ਲਗਦਾ ਹੈ ਪਰ ਨਿਬੰਧਾਤਮਕ ਪ੍ਰੀਖਿਆ ਜ਼ਿਆਦਾ ਭਰੋਸੇਯੋਗ ਬਣ ਜਾਂਦੀ ਹੈ।

## 3. ਦੈਨਿਕ ਕੰਮ ਦਾ ਲੇਖਾ ਜੋਖਾ

ਵਿਦਿਆਰਥੀ ਦੀ ਪ੍ਰਾਪਤੀ ਅਤੇ ਪ੍ਰਗਤੀ ਦਾ ਲੇਖਾ ਜੋਖਾ ਸਾਲ ਦੇ ਅਖੀਰ ਉਤੇ ਲੈਣ ਦੀ ਥਾਂ ਉਸ ਦੇ ਹਰ ਰੋਜ਼ ਦੇ ਕੰਮ ਤੋਂ ਲਾਉਣਾ ਚਾਹੀਦਾ ਹੈ। ਬੱਚੇ ਦੀ ਪ੍ਰੀਖਿਆ ਦੇ ਕੁਲ ਅੰਕ ਵਿਚੋਂ 20 ਅੰਕ, ਮਾਸਿਕ ਪ੍ਰੀਖਿਆ ਲਈ ਰਖਣੇ ਚਾਹੀਦੇ ਹਨ। ਤਾਂ ਜੋ ਵਿਦਿਆਰਥੀ ਸਾਲ ਦੇ ਅਖੀਰ ਉਤੇ ਹੀ ਨਾ ਪੜ੍ਹੇ, ਸਗੋਂ ਹਰ ਰੋਜ਼ ਆਪਣਾ ਪਾਠ ਕ੍ਰਮ ਨਾਲ-ਨਾਲ ਪੜ੍ਹਦਾ ਜਾਏ। ਸਕੂਲ ਦੀ ਹਰ ਇਕ ਛੋਟੀ ਵੱਡੀ ਪ੍ਰੀਖਿਆ ਵਿਚ ਵੱਧ ਚੜ੍ਹ ਕੇ ਹਿੱਸਾ ਲਵੇ। ਅਧਿਆਪਕ ਸਾਲ ਵਿਚ ਵੱਖ-ਵੱਖ ਕਾਰਜਾਂ ਵਿਚ ਦਿੱਤੇ ਅੰਕਾਂ ਨੂੰ ਆਪਣੀਆਂ ਸੂਚੀਆਂ ਵਿੱਚ ਦਰਜ ਕਰੇ। ਸਿੱਖਿਆ ਦਾ ਲੇਖਾ ਜੋਖਾ ਨਿਮਨ ਲਿਖਤ ਤੱਥਾਂ ਨੂੰ ਲੈ ਕੇ ਰੱਖਣਾ ਚਾਹੀਦਾ ਹੈ–

1. ਵਿਦਿਆਰਥੀ ਨੇ ਸ਼੍ਰੇਣੀ ਵਿਚ ਕਿਹੋ ਜਿਹਾ ਕੰਮ ਕੀਤਾ ਹੈ।
2. ਅਧਿਆਪਕ ਦਾ ਵਿਦਿਆਰਥੀ ਪ੍ਰਤੀ ਕੀ ਪ੍ਰਭਾਵ ਹੈ?
3. ਮਾਤ ਭਾਸ਼ਾ ਦੇ ਸਾਹਿਤ ਦੇ ਵਿਵੇਚਨ ਵਿਚ ਵਿਦਿਆਰਥੀ ਕਿੰਨੀ ਕੁ ਰੁਚੀ ਲੈਂਦਾ ਹੈ।
4. ਬੱਚੇ ਦਾ ਘਰ ਦੇ ਕੰਮ ਦੇ ਰੂਪ ਵਿਚ ਕੀਤਾ ਲਿਖਤੀ ਕੰਮ।
5. ਪ੍ਰਤੀਯੋਗਤਾ ਵਿਚ ਕਿੰਨਾ ਕੁ ਹਿੱਸਾ ਲਿਆ ਹੈ।

## 4. ਬੁੱਧੀ ਪ੍ਰੀਖਿਆ

ਆਧੁਨਿਕ ਮੁਲਾਂਕਣ ਦੇ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਇਸ ਪ੍ਰੀਖਿਆ ਦਾ ਯੋਗਦਾਨ ਮਹੱਤਵਪੂਰਨ ਹੈ। ਬੱਚਾ ਸਿੱਖਿਆ ਵਿੱਚ ਕਿੰਨੀ ਕੁ ਰੁਚੀ ਲੈ ਰਿਹਾ ਹੈ। ਅਧਿਆਪਕ ਨੂੰ ''ਬਿਨੈ-ਸਾਇਮਨ ਵਰਗੇ ਬੁੱਧੀ ਪ੍ਰੀਖਿਆ'' ਦਾ ਪ੍ਰਯੋਗ ਕਰਕੇ ਬੱਚੇ ਦੀ ਬੁੱਧੀ ਨੂੰ ਪਰਖਣਾ ਚਾਹੀਦਾ ਹੈ। ਇਹ ਪ੍ਰੀਖਿਆ ਬੱਚੇ ਦੀ ਰੁਚੀ ਨਾ ਲੈਣ ਬਾਰੇ ਜਾਣਕਾਰੀ ਪ੍ਰਦਾਨ ਕਰੇਗੀ। ਪੱਛਮੀ ਵਿਦਵਾਨਾਂ ਨੇ ਬੱਚਿਆਂ ਦੇ ਵਿਅਕਤਿਤੱਵ ਨੂੰ ਪਰਖਣ ਲਈ ਅਨੇਕਾਂ ਬੁੱਧੀ ਮਾਪ ਦੰਡ ਨਿਰਧਾਰਤ ਕੀਤੇ ਹਨ। ਇਨ੍ਹਾਂ ਪ੍ਰੀਖਿਆਵਾਂ ਰਾਹੀਂ ਅਸੀਂ ਪ੍ਰਗਤੀ ਉਤੇ ਹੀ ਧਿਆਨ ਰਖ ਸਕਦੇ, ਸਗੋਂ ਬੱਚੇ ਦੇ ਸਮੁੱਚੇ ਵਿਕਾਸ ਦੀ ਜਾਂਚ ਕਰ ਸਕਦੇ ਹਾਂ।

## ਵਸਤੂ-ਨਿਸ਼ਟ ਪ੍ਰਸ਼ਨ


ਨਿਬੰਧਾਤਮਕ ਪ੍ਰੀਖਿਆ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਵਸਤੂਗਤ ਵੰਨਗੀ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪ੍ਰੀਖਿਆਵਾਂ ਬਿਲਕੁੱਲ ਵਿਸ਼ਾ-ਵਸਤੂ ਨਾਲ ਸੰਬੰਧਿਤ ਹੁੰਦੀਆਂ ਹਨ। ਇਹਨਾਂ ਪ੍ਰੀਖਿਆਵਾਂ ਵਿਚ ਉੱਤਰ ਕਾਪੀਆਂ ਦੀ ਜਾਂਚ ਜ਼ਿਆਦਾ ਵਿਸ਼ਵਾਸ਼ਪੂਰਨ ਤੇ ਪ੍ਰਮਾਣਿਤ ਹੁੰਦੀ ਹੈ। ਇਹਨਾਂ ਉਤਰ ਕਾਪੀਆਂ ਦੇ ਅੰਕ ਲਾਉਣ ਸਮੇਂ ਪ੍ਰੀਖਿਅਕ ਦੀ ਨਿੱਜੀ ਰੁਚੀ ਜਾਂ ਆਪੇ ਦਾ ਪ੍ਰਭਾਵ ਬਿਲਕੁਲ ਨਹੀਂ ਪੈਂਦਾ। ਇਹਨਾਂ ਉਤਰ ਕਾਪੀਆਂ ਦੇ ਅੰਕ

ਕੋਈ ਵੀ ਲਾਵੇ ਪਰ ਅੰਕਾਂ ਦੀ ਪ੍ਰਾਪਤੀ ਵਿਚ ਕੋਈ ਫਰਕ ਨਹੀਂ ਪੈਂਦਾ। ਵਸਤੂਨਿਸ਼ਟ ਪ੍ਰਸ਼ਨਾਂ ਨੂੰ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡ ਸਕਦੇ ਹਾਂ :

(ੳ) ਪੁਨਰ ਯਾਦ ਪ੍ਰੀਖਿਆ

(ਅ) ਪਹਿਚਾਨ ਪ੍ਰੀਖਿਆ

ਅੱਗੇ ਇਨ੍ਹਾਂ ਦੇ ਭਾਗ ਹਨ




**3. ਪੁਠਰ ਯਾਦ ਪ੍ਰੀਖਿਆ :** ਇਸ ਪ੍ਰੀਖਿਆ ਰਾਹੀਂ ਬੱਚੇ ਦੀਆਂ ਪਹਿਲਾਂ ਯਾਦ ਕੀਤੀਆਂ ਹੋਈਆਂ ਗੱਲਾਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰੀਖਿਆ ਵਿਚ ਪਹਿਲਾਂ ਯਾਦ ਕੀਤੀਆਂ ਗੱਲਾਂ ਨੂੰ ਮਾਨਸਿਕ ਪ੍ਰਕ੍ਰਿਆ ਰਾਹੀਂ ਮੁੜ ਯਾਦ ਕਰਵਾਇਆ ਜਾਂਦਾ ਹੈ। ਇਸ ਪ੍ਰੀਖਿਆ ਵਿਚ ਪਹਿਚਾਨ ਪ੍ਰੀਖਿਆ ਨਾਲੋਂ ਉਚ ਮਾਨਸਿਕ ਪ੍ਰਕ੍ਰਿਆ ਦੀ ਲੋੜ ਹੁੰਦੀ ਹੈ।

**1. ਸਰਲ ਪੁਠਰ ਯਾਦ ਪ੍ਰੀਖਿਆ :** ਇਹ ਪੁਨਰ ਯਾਦ ਪ੍ਰੀਖਿਆ ਦਾ ਬਹੁਤ ਸਰਲ ਤੇ ਸੁਭਾਵਿਕ ਰੂਪ ਹੈ। ਇਸ ਪ੍ਰੀਖਿਆ ਦਾ ਉੱਤਰ ਸ਼ਬਦਾਂ ਵਿਚ, ਚਿੱਤਰਾਂ ਵਿਚ ਜਾਂ ਚਿਨ੍ਹਾਂ ਵਿਚ ਦਿੱਤਾ ਜਾਂਦਾ ਹੈ, ਜਿਵੇ :-

1. ਲਾਲਾ ਧਨੀ ਰਾਮ ਚਾਤ੍ਰਿਕ ਦਾ ਜਨਮ ਕਦੋਂ ਹੋਇਆ?
2. 'ਆਰਸੀ' ਕਿਸ ਨੇ ਲਿਖੀ ?
3. ਸ਼ਿਵ ਕੁਮਾਰ ਨੂੰ ਕਿਸ ਪੁਸਤਕ ਉਪਰ ਸਾਹਿਤ ਅਕਾਦਮਿਕ ਇਨਾਮ ਮਿਲਿਆ ?
4. ਗੁਰਬਖਸ਼ ਸਿੰਘ ਦੀ ਮੌਤ ਕਿਥੇ ਹੋਈ।

**2. ਖਾਲੀ ਥਾਵਾਂ ਭਰਠ ਦੀ ਪ੍ਰੀਖਿਆ :** ਇਸ ਪ੍ਰੀਖਿਆ ਵਿਧੀ ਅਨੁਸਾਰ ਕੁਝ ਵਾਕ ਲਿਖੇ ਜਾਂਦੇ ਹਨ। ਜਿਹਨਾਂ ਵਿੱਚ ਕਿਤੇ ਕੁਝ ਸ਼ਬਦ ਛੱਡ ਦਿੱਤੇ ਜਾਂਦੇ ਹਨ। ਜਿਹਨਾਂ ਦੀ ਪੂਰਤੀ ਬੱਚਾ ਆਪ ਕਰਦਾ ਹੈ। ਇਨ੍ਹਾਂ ਖਾਲੀ ਥਾਵਾਂ ਦੀ ਬੱਚਾ ਠੀਕ ਪੂਰਤੀ ਤਦ ਹੀ ਕਰ ਸਕੇਗਾ ਜੇਕਰ ਬੱਚੇ ਨੇ ਪਹਿਲਾਂ ਪਾਠ ਯਾਦ ਕੀਤਾ ਹੋਵੇਗਾ। ਕਹਾਣੀ ਆਦਿ ਦੀ ਰਚਨਾ ਵੀ ਖਾਲੀ ਥਾਵਾਂ ਨੂੰ ਭਰਕੇ ਕੀਤੀ ਜਾ ਸਕਦੀ ਹੈ।

(ੳ) 1. ਹੀਰ ਦਾ ਕਿੱਸਾ ਸਭ ਤੋਂ ਪਹਿਲਾਂ ...........................ਲਿਖਿਆ ਹੈ।

2. ਰਾਮ ਸਰੂਪ ਅਣਖੀ ਦੇ ਨਾਵਲ ...........................ਨੂੰ ਇਨਾਮ ਮਿਲਿਆ ਹੈ।

3. ਸੁਖਮਨੀ ਸਾਹਿਬ ਸ੍ਰੀ ........................... ਜੀ ਦੀ ਪ੍ਰਸਿੱਧ ਰਚਨਾ ਹੈ।

(ਅ) ਇਕ ਕਾਂ ...........................ਸੀ। ਉਸ ਨੇ ਨੇੜੇ ਹੀ ਇਕ ...........................ਵੇਖਿਆ। ਜਿਸ ਵਿਚ

ਪਾਣੀ ਬਹੁਤ ........................... ਸੀ। ਉਹ ਲਾਗਿਓਂ ਪੱਥਰ........................... ਲਿਆਇਆ ਆਦਿ।

(ੲ) 1. ਅਸਮਾਨ ਤੇ ਥੁੱਕਿਆਂ ...........................

2. ਅਕਲ ਦਾ ਅੰਨ੍ਹਾਂ ...........................

3. ਉੱਦਮ ਅੱਗੇ ਲੱਛਮੀ ...........................

4. ਸੱਦੀ ਨਾ ਬੁਲਾਈ ...........................

(ਸ) ਖਾਲੀ ਥਾਵਾਂ ਵਿੱਚ ਨਾਂਵ ਭਰੋ:-

1. ਰਾਮ...........................

2. ਮੇਜ...........................

3. ਫੌਜ...........................

4. ਸ਼ਹਿਦ...........................

5. ਮਿਠਾਸ...........................

**3. ਸੰਬੰਧ ਪ੍ਰੀਖਿਆ :** ਇਸ ਪ੍ਰੀਖਿਆ ਵਿਧੀ ਵਿਚ ਬੱਚੇ ਨੂੰ ਇਕ ਗੱਲ ਦਸ ਕੇ ਉਸ ਨਾਲ ਸੰਬੰਧਿਤ ਦੂਜੀ ਗੱਲ ਯਾਦ ਕਰਵਾਈ ਜਾਂਦੀ ਹੈ। ਹੇਠ ਲਿਖੀਆਂ ਪੁਸਤਕਾਂ ਦੇ ਲੇਖਕਾਂ ਦੇ ਨਾਮ ਦੱਸੋ।

1. ਰਾਣਾ ਸੂਰਤ ਸਿੰਘ...........................

2. ਚੰਦਨ ਵਾੜੀ...........................

3. ਲੂਣਾ...........................

4. ਕੋਠੇ ਖੜਕ ਸਿੰਘ...........................

ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:-

1. ਬਹਾਦਰ...........................

2. ਬਿਰਹਾ...........................

3. ਭੰਡਣਾ...........................

4. ਵਿਗੜਨਾ...........................

5. ਨਰਮ...........................

**ਪਛਾਣ ਪ੍ਰੀਖਿਆ:**

ਇਸ ਪ੍ਰੀਖਿਆ ਵਿਧੀ ਅਨੁਸਾਰ ਪ੍ਰਸ਼ਨਾਂ ਦੇ ਨਾਲ ਉਹਨਾਂ ਦਾ ਉੱਤਰ ਦਿੱਤਾ ਜਾਂਦਾ ਹੇ। ਉਹਨਾਂ ਦੀ ਪਹਿਚਾਣ ਕਰਨ ਦਾ ਕੰਮ ਕੇਵਲ ਵਿਦਿਆਰਥੀ ਨੂੰ ਕਰਨਾ ਪੈਂਦਾ ਹੈ। ਇਕ ਪ੍ਰਸ਼ਨ ਦੇ ਬਹੁਤ ਸਾਰੇ ਉੱਤਰ ਦਿੱਤੇ ਜਾਂਦੇ ਹਨ ਜਿਹਨ੍ਹਾਂ ਵਿਚੋਂ ਇਕ ਠੀਕ ਤੇ ਬਾਕੀ ਗਲਤ ਉੱਤਰ ਹੁੰਦੇ ਹਨ। ਵਿਦਿਆਰਥੀ ਨੇ ਉਹਨਾਂ ਵਿਚੋਂ ਠੀਕ ਉੱਤਰ ਦੀ ਚੋਣ ਕਰਨੀ ਹੁੰਦੀ ਹੈ।

ਪਹਿਚਾਨ ਪ੍ਰੀਖਿਆ ਵਿਧੀ ਦੀਆਂ ਅੱਗੇ ਕਿਸਮਾਂ ਹਨ :

1. ਬਹੁ-ਵਿਕਲਪੀ ਪ੍ਰਸ਼ਨ : ਇਸ ਪ੍ਰੀਖਿਆ ਅਨੁਸਾਰ ਇਕ ਪ੍ਰਸ਼ਨ ਦੇ ਤਿੰਨ ਜਾਂ ਇਸ ਤੋਂ ਵੱਧ ਸੰਭਾਵੀ ਉੱਤਰ ਦਿੱਤੇ ਜਾਂਦੇ ਹਨ। ਜਿਨ੍ਹਾਂ ਵਿਚੋਂ ਕੇਵਲ ਇੱਕ ਉਤਰ ਠੀਕ ਹੁੰਦਾ ਹੈ, ਜਿਸ ਦੀ ਚੋਣ ਵਿਦਿਆਰਥੀ ਨੇ ਕਰਨੀ ਹੁੰਦੀ ਹੈ।

1. ਭਾਈ ਵੀਰ ਸਿੰਘ ਦਾ ਜਨਮ............. ਵਿਚ ਹੋਇਆ (1862, 1872, 1904)
2. ਸਾਵੇ ਪੱਤਰ............. ਨੇ ਲਿਖੀ ਹੈ। (ਕ੍ਰਿਪਾ ਸਾਗਰ, ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ)
3. ਪੰਜਾਬੀ ਸ਼ਾਇਰ............. ਨੇ ਆਤਮ ਹੱਤਿਆ ਕੀਤੀ ਹੈ। (ਬਿਸ਼ਨ ਸਿੰਘ ਉਪਾਸਕ, ਨੰਦ ਲਾਲਨੂਰਪੁਰੀ)
4. ਪੰਜਾਬੀ ਸਾਹਿਤ ਅਕਾਦਮੀ ਦਾ 1988 ਦਾ ਇਨਾਮ............. ਨੂੰ ਮਿਲਿਆ ਹੈ।
(ਰਾਮ ਸਰੂਪ ਅਣਖੀ, ਸੁਰਜੀਤ ਹਾਂਸ, ਗੁਰਦਿਆਲ ਸਿੰਘ)

**2. ਜੁੱਟ ਬਣਾਉਣੀ ਪ੍ਰੀਖਿਆ :** ਇਸ ਪ੍ਰੀਖਿਆ ਵਿਧੀ ਅਨੁਸਾਰ ਦੋ ਸੂਚੀਆਂ ਹਨ ਪਰ ਇਹਨਾਂ ਦਾ ਕਰਮ ਠੀਕ ਨਹੀਂ ਹੁੰਦਾ ਹੈ। ਵਿਦਿਆਰਥੀਆਂ ਨੂੰ ਠੀਕ ਉਤਰਾਂ ਨੂੰ ਇਕ ਸੋਧ ਵਿਚ ਕਰਨਾ ਹੁੰਦਾ ਹੈ ਜਿਵੇ :-

| | | |
|---|---|---|
| (ੳ) | ਦੁਨੀਆਂ ਇਕ ਮਹਿਲ | ਨਾਟਕ |
| (ਅ) | ਲੋਹਾ ਕੁੱਟ | ਸਫਰਨਾਮਾ |
| (ੲ) | ਚਿੱਟਾ ਲਹੂ | ਇਕਾਂਗੀ |
| (ਸ) | ਬੇਘਰ | ਨਾਵਲ |

## ਸੱਚ ਝੂਠ ਦੀ ਪ੍ਰੀਖਿਆ :

ਇਸ ਪ੍ਰੀਖਿਆ ਵਿਧੀ ਅਨੁਸਾਰ ਵਿਦਿਆਰਥੀ ਨੂੰ ਕੁਝ ਵਾਕ ਦਿੱਤੇ ਜਾਂਦੇ ਹਨ। ਜਿਹਨਾਂ ਵਿਚ ਕੁਝ ਠੀਕ ਤੇ ਕੁਝ ਗਲਤ ਹੁੰਦੇ ਹਨ। ਵਿਦਿਆਰਥੀ ਨੇ ਆਪਣੀ ਬੁੱਧੀ ਦੀ ਸਮਰੱਥਾ ਅਨੁਸਾਰ ਸੱਚ-ਝੂਠ ਦਾ ਨਿਤਾਰਾ ਕਰਨਾ ਹੁੰਦਾ ਹੈ। ਜਿਹੜਾ ਵਾਕ ਠੀਕ ਹੁੰਦਾ ਹੈ, ਉਸਦੇ ਸਾਹਮਣੇ ਇਹ (√) ਨਿਸ਼ਾਨ ਲਾਉਣਾ ਹੁੰਦਾ ਹੈ ਜਿਹੜਾ ਗਲਤ ਹੁੰਦਾ ਹੈ ਉਸਦੇ (×) ਨਿਸ਼ਾਨ ਲਾਉਂਣਾ ਹੁੰਦਾ ਹੈ। ਜਿਵੇ :-

(ੳ) ਆਟੇ ਦੀਆਂ ਚਿੜੀਆਂ ਅੰਮ੍ਰਿਤਾ ਪ੍ਰੀਤਮ ਨੇ ਲਿਖੀ ਹੈ। ( )

(ਅ) ਰਾਮ ਖਾਸ ਨਾਂਉ ਹੈ। ( )

(ੲ) ਕੁੱਤੀ ਦੇ ਬੱਚੇ ਨੂੰ ਮੇਮਣਾ ਕਹਿੰਦੇ ਹਨ। ( )

(ਸ) ਪੜਨਾਂਉ ਉਸ ਨੂੰ ਕਹਿੰਦੇ ਹਨ ਜੋ ਨਾਉਂ ਦੀ ਥਾਂ ਵਰਤਿਆ ਜਾਏ। ( )

(ਹ) 'ਗਗਨ ਵਿਚ ਥਾਲ' ਭਾਈ ਵੀਰ ਸਿੰਘ ਦੀ ਰਚਨਾ ਹੈ। ( )

## 2.6.8 ਨਿਰੰਤਰ ਤੇ ਵਿਆਪਕ ਮੁਲਾਂਕਣ :

ਇਹ ਟਰਮ ਹਿਉਮਨ ਰਿਸੋਰਸ ਵਿਭਾਗ ਨੇ ਬਣਾਈ ਹੈ ਤਾਂ ਕਿ ਬੋਰਡ ਦੇ ਪੇਪਰਾਂ ਦਾ ਬੋਝ ਵਿਦਿਆਰਥੀਆਂ ਉਤੇ ਘੱਟ ਹੋ ਸਕੇ ਅਤੇ ਸਾਰੇ ਦੇਸ਼ ਵਿੱਚ ਮੁਲਾਂਕਣ ਦਾ ਇਕੋ ਜਿਹਾ ਹੀ ਢਾਂਚਾ ਬਣ ਸਕੇ ਅਤੇ ਆਉਣ ਵਾਲੇ ਸਮੇਂ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਦੂਰ ਕਰਨ ਲਈ ਵਿਦਿਆਰਥੀਆਂ ਦੀ ਯੋਗਤਾ ਵਿੱਚ ਵਾਧਾ ਹੋ ਸਕੇ। ਨਿਰੰਤਰ ਅਤੇ ਵਿਆਪਕ ਮੁਲਾਂਕਣ ਸਕੂਲ ਬੱਚਿਆਂ ਦੀ ਯੋਗਤਾ ਉਤੇ ਨਿਰਭਰ ਕਰਦਾ ਹੈ। ਤਾਂ ਕਿ ਉਨ੍ਹਾਂ ਦਾ ਸਹੀ ਵਿਕਾਸ ਹੋ ਸਕੇ। ਰਾਈਟ ਟੂ ਐਜੂਕੇਸ਼ਨ ਐਕਟ 2009 ਦੇ ਅਨੁਸਾਰ ਵਿਆਪਕ ਮੁਲਾਂਕਣ ਪ੍ਰਾਇਮਰੀ ਪਧਰ ਤੇ ਜਰੂਰੀ ਹੋ

ਗਿਆ ਹੈ। ਇਸ ਨਾਲ ਬੱਚਿਆਂ ਦੀਆਂ ਸਿਖਣ ਦੀਆਂ ਕਮੀਆਂ ਨੂੰ ਅਤੇ ਮੁਸ਼ਕਲਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਬੱਚਿਆਂ ਦਾ ਸਰਵਵਿਆਪਕ ਵਿਕਾਸ ਹੁੰਦਾ ਹੈ। ਇਸ ਲਈ ਮੁਲਾਂਕਣ ਦੇ ਸੰਦ (tool) ਅਤੇ ਤਕਨੀਕਾਂ ਦੀ ਜਰੂਰਤ ਹੈ। ਇਸ ਵਿਧੀ ਨਾਲ ਬੱਚਿਆਂ ਦੀ ਉਨਤੀ ਦਾ ਪਤਾ ਵੀ ਲਗਦਾ ਹੈ। ਇਨ੍ਹਾਂ ਨੂੰ ਦੇਖਕੇ ਬੱਚਿਆਂ ਦੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਜਿਸ ਨਾਲ ਉਨ੍ਹਾਂ ਦਾ ਵਿਅਕਤੀਤੱਵ ਵਿਕਸਤ ਹੁੰਦਾ ਹੈ। ਇਸਦੇ ਸਾਰਾ ਸਾਲ ਚੱਲਣ ਕਰਕੇ ਇਸ ਨੂੰ ਨਿਰੰਤਰ ਮੁਲਾਂਕਣ ਕਿਹਾ ਜਾਂਦਾ ਹੈ। ਇਸ ਨਾਲ ਸਾਰੇ ਪੱਧਰਾ ਦਾ ਮੁਲਾਂਕਣ ਹੁੰਦਾ ਹੈ ਜਿਸ ਕਰਕੇ ਇਸ ਨੂੰ ਵਿਆਪਕ ਕਿਹਾ ਜਾਂਦਾ ਹੈ।

ਇਸ ਦੇ ਤਿੰਨ ਭਾਗ ਹਨ :

**(ੳ)** **ਅਕਾਦਮਿਕ ਪੱਧਰ :** ਇਹ ਸਾਰੇ ਸਾਲ ਦਾ ਰਿਕਾਰਡ ਹੁੰਦਾ ਹੈ। ਇਸ ਵਿੱਚ ਸਾਇੰਸ, ਹਿਸਾਬ ਅਤੇ ਅੰਗਰੇਜ਼ੀ ਵਿਸ਼ੇ ਲਏ ਜਾਂਦੇ ਹਨ ਅਤੇ ਸਾਲ ਖਤਮ ਹੋਣ ਤੇ ਇਨਾਂ ਦੀ ਯੋਗਤਾ ਮੁਤਾਬਿਕ ਗਰੇਡ ਦਿੱਤਾ ਜਾਂਦਾ ਹੈ।

(ਅ) ਭਾਗ ਨਿਪੁੰਨਤਾ, ਰੁਝਾਨ ਅਤੇ ਕੀਮਤਾਂ ਦਾ ਪਤਾ ਦਸਦਾ ਹੈ।

(ੲ) ਭਾਗ ਪੂਰੇ ਸਾਲ ਦੇ ਸਰੀਰਕ ਕ੍ਰਿਆਵਾਂ, ਕੋ-ਕਰੀਕੁਲਰ ਐਕਟੀਵਿਟੀਜ਼ ਦਾ ਪਤਾ ਕਰਦਾ ਹੈ।

ਨਿਰੰਤਰ ਅਤੇ ਵਿਆਪਕ ਮੁਲਾਂਕਣ ਨਾਲ ਬੱਚੇ ਦੇ ਸਾਲ ਭਰ ਦੀ ਫੀਡ-ਬੈਕ (Feed Back) ਹੁੰਦੀ ਹੈ ਜਿਸ ਨਾਲ ਉਨ੍ਹਾਂ ਦੀਆਂ ਤਾਕਤਾ ਅਤੇ ਕਮਜ਼ੋਰੀਆਂ ਦਾ ਪਤਾ ਲਗਦਾ ਹੈ ਅਤੇ ਉਨ੍ਹਾਂ ਨੂੰ ਦੂਰ ਕਰਨ ਵਿੱਚ ਸਹਾਇਤਾ ਮਿਲਦੀ ਹੈ। ਇਹ ਸਿਰਫ ਪੱਧਰ ਪੈਨ ਟੈਸਟ ਹੀ ਨਹੀਂ ਹੈ ਇਸ ਵਿੱਚ ਬੁੱਧੀ ਟਰੱਸਟ, ਕਿਉਜ਼, ਅਸਾਇਨਮੈਂਟ ਪ੍ਰੋਜੈਕਟ ਆਦਿ ਪਾਠ ਸਹਾਇਕ ਕ੍ਰਿਆਵਾਂ ਵੀ ਕਰਵਾਈਆਂ ਜਾਂਦੀਆਂ ਹਨ।

**ਵਿਸ਼ੇਸ਼ਤਾਵਾਂ :**

1. ਨਿਰੰਤਰ ਦਾ ਅਰਥ ਹੈ ਵਿਦਿਆਰਥੀਆਂ ਦੀ ਸ਼ੁਰੂਆਤੀ ਅਸੈਸਮੈਂਟ ਦੀਆਂ ਹਦਾਇਤਾਂ। ਇਸ ਵਿੱਚ ਬਹੁਤ ਸਾਰੀਆਂ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।
2. ਪ੍ਰੋਡੇਸਟੀ (Perodicity) ਦਾ ਅਰਥ ਹੈ ਜਦੋਂ ਵਿਦਿਆਰਥੀ ਦਾ ਟਰਮ ਪੇਪਰ ਦੇ ਅੰਤ ਵਿੱਚ ਮਾਪਿਆ ਜਾਂਦਾ ਹੈ।
3. ਇਹ ਬੱਚਿਆਂ ਦੇ ਪੁਨਰ ਵਿਕਾਸ ਵਿੱਚ ਮਦਦ ਕਰਦੀ ਹੈ। ਅਕਾਦਮਿਕ ਅਤੇ ਗੈਰ ਅਕਾਦਮਿਕ ਦੋਵੇਂ ਪੱਖ ਦੇਖੇ ਜਾਂਦੇ ਹਨ।

**ਉਦੇਸ਼ :**

1. ਕੁਸ਼ਲਤਾ ਦੇ ਵਿਕਾਸ
2. ਅਧਿਆਪਕ ਸਿੱਖਣ ਪ੍ਰਕ੍ਰਿਆ ਵਿੱਚ ਸੁਧਾਰ
3. ਸਮੇਂ ਅਨੁਸਾਰ ਮੁਲਾਂਕਣ ਨਾਲ ਵਿਦਿਆਰਥੀਆਂ ਦੀ ਯੋਗਤਾ ਨੂੰ ਨਿਰੰਤਰ ਰਖਿਆ ਜਾ ਸਕਦਾ ਹੈ।

**ਕੰਮ :**

1. ਇਹ ਅਧਿਆਪਕ ਨੂੰ ਪੜਾਉਣ ਵਿੱਚ ਸਹਾਇਕ ਹੈ।
2. ਵਿਦਿਆਰਥੀਆਂ ਦੀ ਸਮੇਂ-ਸਮੇਂ ਤੇ ਯੋਗਤਾ ਨੂੰ ਮਾਪਿਆ ਜਾ ਸਕਦਾ ਹੈ।
3. ਇਸ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੋਨਾਂ ਦੀਆਂ ਤਾਕਤਾਂ ਤੇ ਕਮੀਆਂ ਨੂੰ ਜਾਂਚਿਆ ਜਾ ਸਕਦਾ ਹੈ।

4. ਇਸ ਨਾਲ ਅਧਿਆਪਕ ਨੂੰ ਪਤਾ ਚਲਦਾ ਹੈ ਕਿ ਵਿਦਿਆਰਥੀਆਂ ਨੂੰ ਕਿਹੜੇ ਵਿਸ਼ੇ ਵਿੱਚ ਜ਼ਿਆਦਾ ਕੰਮ ਕਰਵਾਉਣ ਦੀ ਜ਼ਰੂਰਤ ਹੈ।

**ਜਰੂਰਤ :**

1. ਇਸ ਨਾਲ ਸਮੇਂ-ਸਮੇਂ ਸਿੱਖਣ ਨੂੰ ਛੋਟੇ-ਛੋਟੇ ਭਾਗ ਕਰਕੇ ਮਾਪਿਆ ਜਾ ਸਕਦਾ ਹੈ।
2. ਵਿਅਕਤੀਗਤ ਭਿੰਨਤਾਵਾਂ ਨੂੰ ਦੇਖਦੇ ਹੋਏ ਅਧਿਆਪਕ ਸਿਖਾਉਣ ਦੇ ਅਲੱਗ-ਅਲੱਗ ਢੰਗ ਅਪਣਾ ਸਕਦੇ ਹਨ।
3. ਅਧਿਆਪਕ ਵੱਖ-ਵੱਖ ਵਿਧੀਆਂ ਤਕਨੀਕਾਂ ਵਰਤ ਕੇ ਵਿਦਿਆਰਥੀ ਨੂੰ ਪੜਾ ਸਕਦਾ ਹੈ।

ਇਹਨਾਂ ਮੁਲਾਂਕਣ ਨੂੰ ਕਰਨ ਲਈ ਅਧਿਆਪਕਾਂ ਵਿੱਚ ਜਰੂਰਤ ਮੰਦ ਸਮਝ ਦੀ ਕਮੀ ਹੈ। ਭੌਤਿਕ ਸਹੂਲਤਾਂ ਅਤੇ ਸਮੇਂ ਦੀ ਕਮੀ ਹੈ। ਰਿਕਾਰਡ ਨੂੰ ਸੰਭਾਲ ਕੇ ਰੱਖਣਾ ਮੁਸ਼ਕਿਲ ਹੈ। ਇਸ ਤਰ੍ਹਾਂ ਦਾ ਮੁਲਾਂਕਣ ਕਰਨ ਲਈ ਪਾਠਕ੍ਰਮ ਵੀ ਸਹੀ ਨਹੀਂ ਹੈ। ਵਿਦਿਆਰਥੀਆਂ ਦੀ ਹਾਜ਼ਰੀ ਅਤੇ ਸਮੇਂ ਦੀ ਵੀ ਕਮੀ ਹੁੰਦੀ ਹੈ।

**ਸਿੱਟਾ :**

ਸਾਰੀ ਰਚਨਾ ਤੋਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਕਿਸੇ ਵੀ ਵਿਸ਼ੇ ਵਿੱਚ ਵਿਦਿਆਰਥੀ ਦੀ ਸਰਬਪੱਖੀ ਪ੍ਰਾਪਤੀ ਦੇ ਮੁਲਾਂਕਣ ਕਰਨ ਲਈ, ਕੋਈ ਇੱਕ ਮੁਲਾਂਕਣ ਵਿਧੀ (ਨਿਬੰਧਾਤਮਕ ਜਾਂ ਵਸਤੂਗਤ ਪ੍ਰੀਖਿਆ ਵਿਧੀ) ਆਪਣੇ ਆਪ ਵਿੱਚ ਪੂਰਨ ਨਹੀਂ ਹੈ। ਸਕੂਲ ਵਿੱਚ ਪ੍ਰਗਤੀ ਨੂੰ ਪਿਛਲੇ ਪੰਨਿਆਂ ਉਪਰ ਦਿੱਤੀਆਂ ਵਿਧੀਆਂ ਰਾਹੀਂ ਠੀਕ ਢੰਗ ਨਾਲ ਮਾਪ ਸਕਦੇ ਹਨ।

## 2.6.9 ਅਭਿਆਸ ਲਈ ਪ੍ਰਸ਼ਨ :

1. ਬੱਚੇ ਦੀ ਸਿੱਖਿਆ ਵਿਚ ਮੁਲਾਂਕਣ ਦਾ ਕੀ ਸਥਾਨ ਹੈ ?
2. ਆਧੁਨਿਕ ਪ੍ਰੀਖਿਆ ਵਿਚ ਕੀ ਦੋਸ਼ ਹਨ ?
3. ਮੁਲਾਂਕਣ ਦਾ ਕੀ ਅਰਥ ਹੈ ? ਪ੍ਰਚਲਿਤ ਪ੍ਰੀਖਿਆ ਤੇ ਆਧੁਨਿਕ ਮੁਲਾਂਕਣ ਵਿਧੀ ਵਿਚ ਕੀ ਅੰਤਰ ਹੈ?
4. ਸਿੱਖਿਆ ਦੇ ਮੁਲਾਂਕਣ ਲਈ ਕਿਹੜੀ-ਕਿਹੜੀ ਵਿਧੀ ਸਾਰਥਿਕ ਹੈ ਤੇ ਉਸ ਦੀ ਵਰਤੋਂ ਕਿਵੇਂ ਕਰਨੀ ਹੈ।

## 2.6.10 ਸਹਾਇਕ ਪੁਸਤਕਾਂ :


1. ਸਫਾਇਆ, ਰਘੂਨਾਥ : ਮਾਤ-ਭਾਸ਼ਾ ਦੀ ਸਿੱਖਿਆ
2. ਜੱਸ, ਜਸਵੰਤ, ਸਿੰਘ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ
3. ਅਹੂਜਾ, ਰੋਸ਼ਨ ਲਾਲ : ਮਾਤ-ਭਾਸ਼ਾ ਦੀ ਸਿੱਖਿਆ
4. ਸ਼ਰਮਾ, ਟੀ.ਆਰ. : ਮਾਤ-ਭਾਸ਼ਾ ਦੀ ਸਿੱਖਿਆ
5. ਭਾਟੀਆ, ਸੰਤ ਸਿੰਘ : ਮਾਤ-ਭਾਸ਼ਾ ਦੀ ਸਿੱਖਿਆ
6. Secondary Education Commission Education Report Ch.-X.
7. Ross : Measurement in To-day's Schools.
8. Kothari Education Commission Report 1966.